# ਸੁਖਜੀਤ ਰਚਿਤ ਕਹਾਣੀ 'ਪਾਤਸ਼ਾਹ' ਕਹਾਣੀ ਦਾ ਥੀਮ-ਵਿਗਿਆਨਕ ਅਧਿਐਨ

ਪਰਮਪਾਲ ਬਾਦਲ

ਵਿਚਾਰਧੀਨ ਕਹਾਣੀ 'ਪਾਤਸ਼ਾਹ' 'ਫ਼ੌਰੀ ਵਿਗੋਪਨ' ਦੀ ਜੁਗਤ ਨਾਲ ਸ਼ੁਰੂ ਹੁੰਦੀ ਹੈ । 'ਫ਼ੌਰੀ ਵਿਗੋਪਨ' ਦੇ ਅੰਤਰਗਤ ਕਾਰਜ ਵਾਪਰਣ ਤੋਂ ਪਹਿਲਾਂ ਹੀ ਪਾਤਰਾਂ ਦੀ ਸਥਿਤੀ ਸਪੱਸ਼ਟ ਕਰ ਦਿਤੀ ਜਾਂਦੀ ਹੈ ।[1] ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ ;

> ਮਾਸਟਰ ਅਜੈਬ ਸਿੰਘ ਸੰਗਲ ਨਾਲ ਨੂੜਿਆ, ਨਮੋਸ਼ੀ ਦਾ ਝੰਬਿਆ, ਗੋਡਿਆਂ 'ਚ ਸਿਰ ਦੇਈਂ ਬੈਠਾ ਸੀ । ਆਪਣੇ ਪੂਰੇ ਇਲਾਕੇ ਵਿੱਚ ਜਾਣਿਆਂ-ਪਛਾਣਿਆਂ ਤੇ ਸਤਿਕਾਰਿਆ ਜਾਂਦਾ ਸੀ ਉਹ ।[2]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੀ ਗਈ 'ਫ਼ੌਰੀ ਵਿਗੋਪਨ' ਦੀ ਇਸ ਜੁਗਤ ਰਾਹੀਂ ਕਹਾਣੀਕਾਰ ਕਹਾਣੀ ਦੇ ਮੁਖ ਪਾਤਰ ਮਾਸਟਰ ਅਜੈਬ ਸਿੰਘ ਬਾਰੇ ਤੁਰੰਤ ਜਾਣਕਾਰੀ ਦਿੰਦਾ ਹੋਇਆ ਉਸ ਦੀ ਹੋਣੀ ਨਾਲ ਸਾਡੀ ਦਿਲਚਸਪੀ ਨੂੰ ਰਤਾ ਕੁ ਜਾਗ੍ਰਿਤ ਕਰ ਦਿੰਦਾ ਹੈ । ਕਹਾਣੀ ਦੇ ਸ਼ੁਰੂ ਵਿੱਚ ਪੇਸ਼ ਹੋਈ ਇਹ ਫ਼ੌਰੀ ਵਿਗੋਪਨ ਦੀ ਜੁਗਤ ਪਾਠਕ ਦੇ ਮਨ ਅੰਦਰ ਕਈ ਸਵਾਲ ਪੈਦਾ ਕਰਦੀ ਹੈ ।

- ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਕਿਸਨੇ, ਕਿਉਂ ਅਤੇ ਕਿਥੇ ਨੂੜਿਆ ਹੈ ?
- ਉਸਨੂੰ ਕਿਸ ਗੱਲ ਦੀ ਨਮੋਸ਼ੀ ਨੇ ਝੰਬਿਆ ਹੋਇਆ ਹੈ ?

ਇਨ੍ਹਾਂ ਸਵਾਲਾਂ ਦੇ ਜਵਾਬ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ ਤਾਂ ਜੋ ਪਾਠਕ ਤਤ ਫਟ ਹੀ ਸਾਰੀਆਂ ਸਥਿਤੀਆਂ ਨੂੰ ਜਾਣ ਨਾ ਲਵੇ । ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨ੍ਹਣ ਦੀ ਘਟਨਾ ਵਾਪਰ ਚੁੱਕੀ ਹੈ ਪਰ ਉਸਨੂੰ ਬੰਨ੍ਹਣ ਪਿੱਛੇ ਜੁੜੀਆਂ ਸਥਿਤੀਆਂ ਅਤੇ ਪਾਠਕ ਦੇ ਮਨ ਅੰਦਰ ਪੈਦਾ ਹੋਏ ਸਵਾਲਾਂ ਦੇ ਵਿਗੋਪਨ ਨੂੰ ਖੋਹਲਣ ਦਾ ਕੰਮ ਬਾਕੀ ਹੈ । ਇਸ ਬਾਰੇ ਜਾਣਕਾਰੀ ਸਾਨੂੰ ਹੌਲੀ-ਹੌਲੀ, ਬਿਖਰੀਆਂ ਟੁਕੜੀਆਂ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲੇਗੀ । ਕਈ ਵਾਰ ਪਾਤਰਾਂ ਦੇ ਅੰਤਰ-ਸੰਬੰਧਾਂ ਦੀ ਪਛਾਣ ਕਾਫ਼ੀ ਲੰਮਾ ਅਰਸਾ ਲੈ ਜਾਂਦੀ ਹੈ । ਸਥਿਤੀ ਲਈ ਕੁਝ ਸੰਕੇਤ ਕਿਤੇ ਕਿਤੇ ਖਿਲਾਰ ਦਿੱਤੇ ਜਾਂਦੇ ਹਨ ਅਤੇ ਸਥਿਤੀ ਦੀ ਸਮਝ ਟੁਕੜਾ ਟੁਕੜਾ ਕਰਕੇ ਆਉਂਦੀ ਹੈ ।[3] ਅਜੇਹੀ ਖੰਡਿਤ ਹੋ ਕੇ ਮਿਲੀ ਜਾਣਕਾਰੀ ਨੂੰ 'ਵਿਲੰਬਤ ਵਿਗੋਪਨ' ਦਾ ਨਾਮ ਦਿੱਤਾ ਜਾ ਸਕਦਾ ਹੈ । ਅਜੇਹਾ 'ਵਿਲੰਬਤ ਵਿਗੋਪਨ' ਕਥਾ ਦੇ ਅੰਤ ਤੱਕ ਕਾਇਮ ਰਹਿ ਸਕਦਾ ਹੈ । ਇਸ ਤੋਂ ਪਹਿਲਾਂ ਮਾਸਟਰ ਅਜੈਬ ਸਿੰਘ ਨਾਲ ਜੋ ਕਹਾਣੀ ਵਾਪਰ ਚੁੱਕੀ ਹੈ ਉਹ ਗੁਪਤ ਹੈ । ਉਸ ਬਾਰੇ ਵਿਗੋਪਨ ਹੌਲੀ-ਹੌਲੀ ਸਪੱਸ਼ਟ ਹੋਵੇਗਾ । ਫ਼ੌਰੀ ਵਿਗੋਪਨ ਦੀ ਉਪਰੋਕਤ ਜੁਗਤ ਪੂਰਵਲੇ ਵੇਰਵਿਆਂ ਘਟਨਾਵਾਂ ਨੂੰ ਕੁਝ ਖੋਲ੍ਹਦੀ ਅਤੇ ਕੁਝ ਗੁਪਤ ਰੱਖਦੀ ਹੋਈ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਮਜ਼ਬੂਰ ਕਰ ਦਿੰਦੀ ਹੈ । ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨ੍ਹਣ

ਦਾ ਉਪਰੋਕਤ ਮੋਟਿਫ਼ ਕਹਾਣੀ ਦੀ ਕੇਂਦਰੀ ਚੂਲ ਵਿਚ ਸਮਾਇਆ ਹੋਇਆ 'ਗਤੀਸ਼ੀਲ ਮੋਟਿਫ਼' ਹੈ । ਇਸਨੇ ਅੱਗੇ ਜਾ ਕੇ ਵਿਸਤ੍ਰਿਤ ਬਿਰਤਾਂਤਕ ਸੰਗਠਨ ਵਿੱਚ ਫੈਲਦੇ ਹੋਏ ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨ੍ਹਣ ਦੇ ਕਾਰਣਾਂ ਪਿੱਛੇ ਜੁੜੀਆਂ ਸਥਿਤੀਆਂ ਨੂੰ ਵਿਗੋਪਤ ਕਰਦੇ ਹੋਏ ਖੁੱਲ੍ਹਣਾ ਹੈ, ਜੋ ਕਹਾਣੀ ਨੂੰ ਗਤੀਸ਼ੀਲ ਬਣਾਈ ਰੱਖਦਾ ਹੈ । ਕਹਾਣੀ ਦੀਆਂ ਸਾਰੀਆਂ ਘਟਨਾਵਾਂ ਸਿੱਧੇ ਅਸਿੱਧੇ ਰੂਪ ਵਿੱਚ ਇਸੇ ਕੇਂਦਰੀ ਚੂਲ ਤੋਂ ਪ੍ਰਭਾਵ ਗ੍ਰਹਿਣ ਕਰਦੀਆਂ ਹੋਈਆਂ ਵਿਕਾਸ ਕਰਦੀਆਂ ਹਨ ।

ਇਸ ਤੋਂ ਅਗਾਂਹ ਕਹਾਣੀਕਾਰ ਨੇ ਗਤੀਹੀਨ ਮੋਟਿਫ਼ਾਂ ਦੇ ਅੰਤਰਗਤ ਕਹਾਣੀ ਨੂੰ ਰੋਕ ਲਿਆ ਹੈ । ਮਾਸਟਰ ਅਜੈਬ ਸਿੰਘ ਦਾ ਚਰਿੱਤਰ-ਵਰਣਨ ਖੁੱਲ੍ਹਾ ਮੋਟਿਫ਼ ਹੈ । ਜਿਹੜਾ ਕਹਾਣੀ ਸੰਗਠਨ ਵਿੱਚ ਕੋਈ ਵਿਸ਼ੇਸ਼ ਰੋਲ ਨਹੀਂ ਨਿਭਾਉਂਦਾ । ਸੋ ਇਸਨੂੰ ਕਹਾਣੀ ਸੰਗਠਨ ਵਿੱਚੋਂ ਖਾਰਜ ਵੀ ਕੀਤਾ ਜਾ ਸਕਦਾ ਹੈ । ਜਿਸ ਨਾਲ ਕਹਾਣੀ ਸੰਗਠਨ ਉੱਪਰ ਕੋਈ ਪ੍ਰਭਾਵ ਨਹੀਂ ਪੈਂਦਾ । ਇਹ ਕਹਾਣੀ ਵਿੱਚ ਵਾਸਤਵਿਕਤਾ ਦਾ ਭਰਮ ਉਪਜਾਉਣ ਲਈ ਵਰਤਿਆ ਗਿਆ ਹੈ । ਇਸ ਤੋਂ ਅੱਗੇ ਕਹਾਣੀਕਾਰ ਕਹਾਣੀ ਬਿਰਤਾਂਤ ਨੂੰ ਰੋਕ ਕੇ ਗਤੀਹੀਨ ਮੋਟਿਫ਼ਾਂ ਤਹਿਤ ਕਹਾਣੀ ਨੂੰ ਆਸੇ ਪਾਸੇ ਖਿਲਾਰਨਾ ਸ਼ੁਰੂ ਕਰ ਦਿੰਦਾ ਹੈ । ਕਥਾਨਕ ਦੀ ਤੋਰ ਵਿੱਚ ਕੋਈ ਯੋਗਦਾਨ ਨਾ ਦੇਣ ਵਾਲੇ ਮੋਟਿਫ਼ਾਂ ਨੂੰ ਗਤੀਹੀਨ ਮੋਟਿਫ਼ ਕਹਿ ਸਕਦੇ ਹਾਂ ।[4] ਕਥਾ-ਬਿਰਤਾਂਤ ਦਾ ਇਕ ਵਿਚਿਤਰ ਲੱਛਣ ਇਹ ਹੈ ਕਿ ਉਸ ਦੀ ਕਹਾਣੀ ਨੂੰ ਅਗਾਂਹ ਤੋਰਨ ਵਾਲੇ ਮੋਟਿਫ਼ਾਂ ਦੀ ਬਜਾਏ ਉਸ ਵਿੱਚ ਉਨ੍ਹਾਂ ਗਤੀਹੀਨ ਮੋਟਿਫ਼ਾਂ ਦੀ ਬਹੁ-ਗਿਣਤੀ ਹੁੰਦੀ ਹੈ ਜੋ ਕਹਾਣੀ ਨੂੰ ਖਲ੍ਹਿਆਰ ਲੈਂਦੇ ਹਨ ।

ਕਹਾਣੀ ਵਿੱਚ ਪੇਸ਼ ਹੋਏ ਅਜਿਹੇ ਗਤੀਹੀਨ ਮੋਟਿਫ਼ ਹਨ -

- ਮਾਸਟਰ ਅਜੈਬ ਸਿੰਘ ਦੇ ਸਾਹਮਣੇ ਮਹੱਲ ਵਰਗੀ ਕੁਟੀਆ ਦਾ ਹੋਣਾ ।
- ਸੇਵਕਾਂ ਵਲੋਂ ਕੁਟੀਆ ਨੂੰ ਧੋਣ ਲਈ ਪਾਣੀ ਵਿੱਚ ਦੁੱਧ ਅਤੇ ਇੱਤਰ ਮਿਲਾਕੇ ਪਵਿੱਤਰ ਜਲ ਤਿਆਰ ਕਰਕੇ ਸੰਗਮਰਮਰੀ ਫਰਸ਼ 'ਤੇ ਪਾਣੀ ਦੀਆਂ ਬਾਲਟੀਆਂ ਡੋਲਣਾ ।
- ਕੁਟੀਆ ਦੁਆਲੇ ਘਾਹ ਅਤੇ ਫੁੱਲਾਂ ਬੂਟਿਆਂ ਨਾਲ ਲੱਦੇ ਮੈਦਾਨ ਨੂੰ ਸੇਵਕਾਂ ਵਲੋਂ ਬੜੀ ਸ਼ਰਧਾ ਨਾਲ ਧੋਣਾ ।
- ਮੈਦਾਨ ਅਤੇ ਕੁਟੀਆ ਨੂੰ ਕਿਲ੍ਹੇ ਵਰਗੀ ਫਸੀਲ ਨੇ ਚੁਫੇਰਿਉਂ ਵਲਿਆ ਹੋਣਾ
- ਵਸੀਲ 'ਤੇ ਚੜ੍ਹੀਆਂ ਵੇਲਾਂ ਦੀ ਕਾਂਟ ਛਾਂਟ ਅਤੇ ਫਲੱਡ ਲਾਈਟਾਂ ਦੀ ਸਾਫ-ਸਫਾਈ ਲਈ ਹੋਰ ਸੇਵਕਾਂ ਦਾ ਚਮਗਿੱਦੜਾਂ ਵਾਂਗ ਚਿੰਬੜੇ ਹੋਣਾ ।

ਸੇਵਕਾਂ ਵਲੋਂ ਕੁਟੀਆਂ ਦੀ ਸਾਫ-ਸਫ਼ਾਈ ਕਰਨ ਦੇ ਉਪਰੋਕਤ ਗਤੀਹੀਨ ਮੋਟਿਫ਼ ਆਮ ਜਨਤਾ ਦੀ ਡੇਰਿਆਂ ਵਿੱਚ ਅਥਾਹ ਸ਼ਰਧਾ ਹੋਣ ਦੇ ਪ੍ਰਭਾਵ ਨੂੰ ਸਪੱਸ਼ਟ ਕਰਦੇ ਹਨ । ਇਨ੍ਹਾਂ ਮੋਟਿਫ਼ਾਂ ਦੀ ਵਰਤੋਂ ਯਥਾਰਥ ਦਾ ਝਾਉਲਾ ਪਾਉਣ ਵਾਸਤੇ ਕੀਤੀ ਗਈ ਹੈ ਤਾਂ ਜੋ ਪਾਠਕ ਦੇ ਮਨ ਵਿੱਚ ਇਹ ਭਾਵਨਾ ਅਚੇਤ ਹੀ ਬਣੀ ਰਹੇ ਕਿ ਜੋ ਕੁਝ ਵੀ ਕਹਾਣੀ ਵਿੱਚ ਵਾਪਰ ਰਿਹਾ ਹੈ, ਵਾਸਤਵਿਕ ਹੈ । ਉਪਰੋਕਤ ਮੋਟਿਫ਼ਾਂ

ਵਿੱਚੋਂ ਗਤੀਸ਼ੀਲ ਮੋਟਿਫ਼ ਕੋਈ ਵੀ ਨਹੀਂ । ਇਹ ਮੋਟਿਫ਼ ਕਹਾਣੀ ਨੂੰ ਅਗਾਂਹ ਤੋਰਨ ਦੀ ਬਜਾਏ ਆਸੇ ਪਾਸੇ ਖਲਾਰਦੇ ਹੋਏ ਸਥਿਤੀ ਨੂੰ ਕੁੱਝ ਕੁ ਖੋਲ੍ਹਦੇ ਹੋਏ ਮਾਸਟਰ ਅਜੈਬ ਸਿੰਘ ਵਾਰੇ ਵਧੀਕ ਜਾਨਣ ਦੀ ਇੱਛਾ ਨੂੰ ਪ੍ਰਗਟ ਕਰਦੇ ਹਨ ਕਿ ਉਸਨੂੰ ਸੰਗਲ ਨਾਲ ਕਿਸਨੇ ਅਤੇ ਕਿਉਂ ਬੰਨ੍ਹਿਆ ਹੈ । ਇਨ੍ਹਾਂ ਮੋਟਿਫ਼ਾਂ ਵਿੱਚ ਸਿਰਫ਼ ਐਨਾ ਹੀ ਪਤਾ ਲਗਦਾ ਹੈ ਕਿ ਮਾਸਟਰ ਅਜੈਬ ਸਿੰਘ ਕਿਸੇ ਕੁਟੀਆ ਵਿੱਚ ਬੰਨ੍ਹਿਆ ਹੋਇਆ ਹੈ । ਪਰ ਇਹ ਕੁਟੀਆ ਕਿਸ ਦੀ ਹੈ ? ਹੋ ਸਕਦਾ ਹੈ ਕਿ ਕੁਟੀਆ ਦੇ ਸਾਧ ਨੇ ਹੀ ਮਾਸਟਰ ਅਜੈਬ ਸਿੰਘ ਨੂੰ ਕਿਸੇ ਕਾਰਨ ਵੱਸ ਬੰਨ੍ਹਿਆ ਹੋਵੇ ਪਰ ਇਸ ਬਾਰੇ ਵਿਗੋਪਨ ਅਜੇ ਗੁਪਤ ਹੈ । ਇਹ ਗਤੀਹੀਨ ਮੋਟਿਫ਼ ਕਹਾਣੀ ਨੂੰ ਵਧੀਕ ਜਾਣਨ ਦੀ ਇੱਛਾ ਪੈਦਾ ਕਰਦੇ ਹਨ ਅਤੇ ਕਹਾਣੀ ਨੂੰ ਅਗਾਂਹ ਤੋਰਨ ਦੀ ਬਜਾਏ ਉਸ ਨਾਲ ਅਪੱਣਤ ਪਾਉਂਦੇ ਹੋਏ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਮਜ਼ਬੂਰ ਕਰਦੇ ਹਨ । ਇਸਦੇ ਨਾਲ ਹੀ ਕਹਾਣੀਕਾਰ ਨੇ ਕਹਾਣੀ ਬਿਰਤਾਂਤ ਨੂੰ ਗਤੀਹੀਨ ਮੋਟਿਫ਼ਾਂ ਤਹਿਤ ਰੋਕ ਲਿਆ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ,

> ਉਸਦੀ ਰਾਖੀ ਲਈ ਲਾਇਆ ਮੁੰਡਾ ਟੂਟੀ ਤੋਂ ਨਹਾ ਰਿਹਾ ਸੀ । ਘੁੰਮਦੀ-ਘੁੰਮਦੀ ਉਸਦੀ ਨਿਗ੍ਹਾ ਆਪਣੇ ਗਿੱਟੇ 'ਤੇ ਆ ਟਿਕੀ, ਜਿਸ ਦੁਆਲੇ ਮਸ਼ੀਨੀ ਸੰਗਲ ਨੂੰ ਤਿੰਨ-ਚਾਰ ਵਲ਼ ਪਾ ਕੇ ਵੱਡਾ ਸਾਰਾ ਜਿੰਦਰਾ ਮਾਰਿਆ ਹੋਇਆ ਸੀ । ਉਸਨੇ ਪੈਰ ਨੂੰ ਹਿਲਾਉਣਾ ਚਾਹਿਆ ਪਰ ਜਿਵੇਂ ਪੈਰ ਨਾਲ ਪੱਥਰ ਬੱਝੇ ਹੋਣ । ਹਿੱਲਦਾ ਤਾਂ ਸਰੀਰ ਦਾ ਕੋਈ ਵੀ ਅੰਗ ਨਹੀਂ ਸੀ, ਆਪਣੇ ਬੱਚਿਆਂ ਵਰਗੇ ਮਛੋਰਾਂ ਤੋਂ ਕੁੱਟ ਤੇ ਗਾਲ੍ਹਾਂ ਖਾਣ ਪਿੱਛੋਂ ਸਰੀਰ ਤਾਂ ਕੀ ਉਸਦੀ ਰੂਹ ਵੀ ਪਿੰਜੀ ਗਈ ਸੀ । ਸੰਗਲ ਉਸਨੂੰ ਬਾਪੂ ਦੀ ਮੋਟੇ ਮਣਕਿਆਂ ਵਾਲੀ ਮਾਲਾ ਵਾਂਗੂੰ ਦਿੱਸਣ ਲੱਗਾ ਤੇ ਉਸਦਾ ਮਨ ਬਾਪੂ ਪ੍ਰਤੀ ਗੁੱਸੇ ਨਾਲ ਭਰਨ ਲੱਗਾ ।[5]

ਕਹਾਣੀ ਵਿੱਚ ਪੇਸ਼ ਹੋਏ ਉਪਰੋਕਤ 'ਗਤੀਹੀਨ ਮੋਟਿਫ਼' ਭਾਵੇਂ ਕਹਾਣੀ ਬਿਰਤਾਂਤ ਨੂੰ ਅਗਾਂਹ ਨਹੀਂ ਤੋਰਦੇ ਪਰ ਪਾਠਕ ਦੇ ਮਨ ਅੰਦਰ ਅਚਨਚੇਤ ਕਈ ਸਵਾਲ ਪੈਦਾ ਕਰਦੇ ਹਨ ਕਿ

- ਮਾਸਟਰ ਅਜੈਬ ਸਿੰਘ ਨੂੰ ਉਸਦੇ ਬੱਚਿਆਂ ਵਰਗੇ ਮਛੋਰ ਕੁਟਦੇ ਅਤੇ ਗਾਲ੍ਹਾਂ ਕਿਉਂ ਕੱਢਦੇ ਹਨ ?
- ਉਸਦਾ ਮਨ ਬਾਪੂ ਪ੍ਰਤੀ ਗੁੱਸੇ ਨਾਲ ਕਿਉਂ ਭਰਨ ਲੱਗਾ ਹੈ ?

ਪਹਿਲੇ ਸਵਾਲ ਵਾਰੇ ਵਿਗੋਪਨ ਅਜੇ ਰੋਕ ਲਿਆ ਹੈ ਇਸ ਬਾਰੇ ਸਾਨੂੰ ਅਗਾਂਹ ਜਾਣਕਾਰੀ ਮਿਲੇਗੀ ਪਰ ਦੂਸਰੇ ਸਵਾਲ ਬਾਰੇ ਵਿਗੋਪਨ ਇਸਦੇ ਨਾਲ ਹੀ ਸੱਪਸ਼ਟ ਕਰ ਦਿੱਤਾ ਹੈ ਕਿ ਉਸਦਾ ਮਨ ਬਾਪੂ ਪ੍ਰਤੀ ਗੁੱਸੇ ਨਾਲ ਕਿਉਂ ਭਰਨ ਲੱਗਾ ਹੈ ? ਜਿਸ ਤਰ੍ਹਾਂ ਅਸੀ ਕਹਾਣੀ ਵਿੱਚ ਦੇਖਦੇ ਹਾਂ,

> ਉਸਦਾ ਬਾਪੂ, ਜਿਹੜਾ ਹੁਣ ਏਸ ਡੇਰੇ ਵਿੱਚ ਪਾਤਸ਼ਾਹ ਦੇ ਚਰਨੀਂ ਆ ਲੱਗਾ ਸੀ ਤੇ ਉਹਦੇ ਕਹਿਣ ਵਾਂਗੂੰ ਉਸਨੇ ਸਾਰੇ ਦੁਨਿਆਵੀ ਰਿਸ਼ਤੇ ਤਿਆਗ ਦਿੱਤੇ ਸਨ । ਪਾਤਸ਼ਾਹ ਦੀ

> ਮਿਹਰ ਨਾਲ ਮੋਹ ਮਾਇਆ ਤੋਂ ਮੁਕਤ ਹੋ ਗਿਆ ਸੀ । ਜੇ ਉਹਨੂੰ ਚਿੰਤਾ ਸੀ ਤਾਂ ਸਿਰਫ਼ ਆਪਣੇ ਪ੍ਰਲੋਕ ਦੀ, ਜਿਸ ਨੂੰ ਸੁਧਾਰਨ ਲਈ ਉਸਨੇ ਆਪਣੀ ਸਾਰੀ ਜ਼ਮੀਨ ਡੇਰੇ ਨੂੰ ਮੱਥਾ ਟੇਕ ਦਿੱਤੀ ਸੀ । ਜਿਸ ਜ਼ਮੀਨ ਦੀ ਵੱਟ ਛਾਂਗਣ ਤੇ ਬਾਪੂ ਵੀਹ ਵਾਰੀ ਸਰੀਕਾਂ ਨਾਲ ਲੜਿਆ ਸੀ । ਉਸਨੇ ਤਾਂ ਆਪਣੀਆਂ ਤਿੰਨੇ ਧੀਆਂ ਇਸ ਲਈ ਲੋੜਕੂ ਘਰਾਂ 'ਚ ਵਿਆਹੀਆਂ ਸਨ ਕਿ ਲੈਣ ਦੇਣ ਦੇ ਝੁਮੇਲੇ 'ਚ ਕਿਤੇ ਜ਼ਮੀਨ ਦਾ ਓਰਾ ਨਾ ਰੱਖਣਾ ਪੈ ਜਾਵੇ । ਹੁਣ ਉਹੀ ਜ਼ਮੀਨ ਬਾਪੂ ਨੇ ਡੇਰੇ ਨੂੰ ਮੱਥਾ ਟੇਕ ਦਿੱਤੀ ਸੀ, ਸਾਰੀ ਦੀ ਸਾਰੀ, ਅੱਠ ਦੇ ਅੱਠ ਕਿੱਲੇ, ਸੋਚ ਕੇ ਅੰਦਰੋਂ ਲਾਟ ਨਿਕਲਦੀ ਸੀ ਅਜੈਬ ਸਿੰਘ ਦੇ ।[6]

ਉਪਰੋਕਤ 'ਬੱਝੇ ਮੋਟਿਫ਼ਾਂ' ਵਿੱਚ ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨ੍ਹਣ ਦੇ ਕਾਰਣ ਹੌਲੇ ਹੌਲੇ ਵਿਗੋਪਤ ਹੋ ਰਹੇ ਹਨ ਜਿਨ੍ਹਾਂ ਵਿੱਚ ਬਹੁਤ ਕੁਝ ਪ੍ਰਗਟ ਹੋ ਕੇ ਬਹੁਤ ਕੁਝ ਲੁਕਿਆ ਰਹਿ ਗਿਆ ਹੈ । ਇਹ ਮੋਟਿਫ਼ ਜਿੱਥੇ ਮਾਸਟਰ ਅਜੈਬ ਸਿੰਘ ਦੇ ਬਾਪੂ ਪ੍ਰਤੀ ਗੁੱਸੇ ਨਾਲ ਮਨ ਭਰਨ ਦੇ ਕਾਰਨਾਂ ਨੂੰ ਵਿਗੋਪਤ ਕਰਦੇ ਹਨ । ਉੱਥੇ ਇਨ੍ਹਾਂ 'ਬੱਝੇ ਮੋਟਿਫ਼ਾਂ' ਵਿੱਚ ਮਾਸਟਰ ਅਜੈਬ ਸਿੰਘ ਦੇ ਬਾਪੂ ਵਲੋਂ ਡੇਰੇ ਵਿੱਚ ਆਕੇ ਪਾਤਸ਼ਾਹ ਦੇ ਚਰਨੀਂ ਲੱਗ ਜਾਣ ਦਾ ਪ੍ਰੇਰਕ, ਨਿਜੀ ਜ਼ਿੰਦਗੀ ਤੋਂ ਨਿਰਾਸ਼ ਹੋਣਾ ਤੇ ਮਨੋਰਥ ਦੁਨਿਆਵੀ ਰਿਸਤਿਆਂ ਨੂੰ ਤਿਆਗਦੇ ਹੋਏ ਆਪਣਾ ਅੱਗਾ ਸਵਾਰਨ ਲਈ ਸਾਧੂ-ਸੰਤਾਂ ਦੀ ਸੰਗਤ ਕਰਦੇ ਹੋਏ ਪੁੰਨ-ਦਾਨ ਕਰਨਾ ਹੈ । ਪਰ ਮਾਸਟਰ ਅਜੈਬ ਸਿੰਘ ਦੇ ਆਪਣੇ ਬਾਪੂ ਵਲੋਂ ਅੱਠ ਕਿੱਲੇ ਜ਼ਮੀਨ ਡੇਰੇ ਨੂੰ ਮੱਥਾ ਟੇਕ ਦੇਣ ਦੀ ਘਟਨਾ ਬਾਰੇ ਸੋਚਕੇ ਅੰਦਰੋਂ ਲਾਟ ਦਾ ਨਿਕਲਣਾ ਉਪਰੋਕਤ ਸਥਿਤੀ ਦੇ ਬਿਲਕੁਲ ਉਲਟ ਸਥਿਤੀ ਨੂੰ ਸਿਰਜਦਾ ਹੈ । ਬਾਪੂ ਵਲੋਂ ਡੇਰੇ ਨੂੰ ਜ਼ਮੀਨ ਮੱਥਾ ਟੇਕਣ ਦੇ ਉਪਰੋਕਤ 'ਬੱਝੇ ਮੋਟਿਫ਼' ਸਥਿਤੀ ਨੂੰ ਸੰਕੇਤਕ ਤੌਰ ਉੱਤੇ ਹੀ ਕੁਝ ਸਪੱਸ਼ਟ ਕਰਦੇ ਹਨ ਕਿ ਮਾਸਟਰ ਅਜੈਬ ਸਿੰਘ ਬਾਪੂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਡੇਰੇ ਵਿੱਚ ਆਇਆ ਹੈ ਪਰ ਸਪੱਸ਼ਟ ਤੌਰ ਉੱਤੇ ਵਿਗੋਪਨ ਅਜੇ ਰੋਕ ਲਿਆ ਹੈ । ਇਸ ਬਾਰੇ ਸਾਨੂੰ ਕਹਾਣੀ-ਬਿਰਤਾਂਤ ਵਿੱਚ ਅੱਗੇ ਜਾਣਕਾਰੀ ਮਿਲੇਗੀ । ਏਥੇ ਇਹ ਦੱਸ ਦੇਣਾ ਵੀ ਉਚਿਤ ਹੋਵੇਗਾ ਕਿ ਇਨ੍ਹਾਂ 'ਬੱਝੇ ਮੋਟਿਫ਼ਾਂ' ਵਿੱਚ ਬਾਪੂ ਦਾਤਕ (Destinateur) ਦੀ ਭੂਮਿਕਾ ਨਿਭਾ ਰਿਹਾ ਹੈ । ਗਰੇਮਾਸ ਅਨੁਸਾਰ ਜਿਸ ਪਾਸੋਂ ਕੋਈ ਚੀਜ਼ ਜਾਂ ਉਦੇਸ਼ ਲੈਣਾ ਹੁੰਦਾ ਹੈ ਉਸ ਨੂੰ ਦਾਤਕ ਕਿਹਾ ਜਾਂਦਾ ਹੈ ਅਤੇ ਜਿਸ ਨੇ ਉਹ ਵਸਤੂ ਪ੍ਰਾਪਤ ਕਰਨੀ ਹੁੰਦੀ ਹੈ ਉਸ ਨੂੰ 'ਲੈਣ ਵਾਲਾ' (Destinataire) ਦੀ ਸੰਗਿਆ ਦਿੱਤੀ ਜਾਂਦੀ ਹੈ ।[7] ਇਸ ਤਰ੍ਹਾਂ ਉਪਰੋਕਤ ਬੱਝੇ ਮੋਟਿਫ਼ਾਂ ਵਿੱਚ ਬਾਪੂ 'ਦਾਤਕ' ਹੈ ਅਤੇ ਪਾਤਸ਼ਾਹ 'ਲੈਣ ਵਾਲਾ' । ਬਾਪੂ 'ਦਾਤਕ' ਦੇ ਰੂਪ ਵਿੱਚ ਪਾਤਸ਼ਾਹ ਨੂੰ ਆਪਣੀ ਜ਼ਮੀਨ ਦਿੰਦਾ ਹੈ । ਪਰ ਅਸੀਂ ਕਹਾਣੀ-ਬਿਰਤਾਂਤ ਵਿੱਚ ਅੱਗੇ ਜਾਕੇ ਇਹ ਦੇਖਣਾ ਹੈ ਕਿ ਬਾਪੂ ਪਾਤਸ਼ਾਹ ਨੂੰ ਆਪਣੀ ਅੱਠ ਕਿੱਲੇ ਜ਼ਮੀਨ ਦਾਤਕ ਦੇ ਰੂਪ ਵਿੱਚ ਖ਼ੁਸ਼ੀ ਨਾਲ ਦਿੰਦਾ ਹੈ ਜਾਂ ਪਾਤਸ਼ਾਹ ਧੋਖੇ ਨਾਲ ਜ਼ਮੀਨ ਨੂੰ ਪ੍ਰਾਪਤ ਕਰਦਾ ਹੈ । ਇਸ ਬਾਰੇ ਵਿਗੋਪਨ ਅਜੇ ਰੋਕਿਆ ਹੋਇਆ ਹੈ ਇਸ ਬਾਰੇ ਜਾਣਕਾਰੀ ਸਾਨੂੰ ਅੱਗੇ ਮਿਲੇਗੀ । ਇਸ ਤੌਂ ਬਾਅਦ

ਕਹਾਣੀਕਾਰ ਨੇ ਕਹਾਣੀ ਵਿੱਚ ਤਣੇ ਭਾਵੁਕ ਮਾਹੌਲ ਨੂੰ ਮਠਾਰਨ ਲਈ, ਕਥਾਨਕ ਦੀ ਤੋਰ ਮੱਠੀ ਕਰਦੇ ਹੋਏ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਪਿੱਛਲਝਾਤ ਦੀ ਜੁਗਤ ਰਾਹੀਂ ਵਰਤਮਾਨ ਤੋਂ ਅਤੀਤ ਵਲ ਕਹਾਣੀ ਨੂੰ ਤੋਰਿਆ ਹੈ ਇਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ,

> ਪਿਛਲੇ ਮਹੀਨੇ ਅਜੈਬ ਸਿੰਘ ਦਾ ਵੱਡਾ ਪੁੱਤ ਜੀਤ ਐਕਸੀਡੈਂਟ ਵਿੱਚ ਚੱਲ ਵਸਿਆ ਸੀ । ਦੁੱਖਾਂ ਦਾ ਪਹਾੜ ਟੁੱਟ ਗਿਆ ਸੀ । ...ਅਜੈਬ ਸਿੰਘ ਦਾ ਛੋਟਾ ਪੁੱਤ ਬੀਰਾ, ''ਤੂੰ ਕਿੱਥੇ ਤੁਰ ਗਿਐਂ ਬਾਈ'' ਆਖ ਕੇ ਧਾਹ ਮਾਰਦਾ ਤਾਂ ਅਜੈਬ ਸਿੰਘ ਦਾ ਸਾਰਾ ਵਜੂਦ ਕੰਬ ਜਾਂਦਾ । ਪਰ ਉਹ ਡੋਲਿਆ ਨਹੀਂ ਸੀ, ਸੰਭਲ ਜਾਂਦਾ ਸੀ । ਉਹ ਆਪਣੀ ਘਰ ਵਾਲੀ ਨੂੰ ਆਖਦਾ ਰਹਿੰਦਾ ਸੀ, ਨਾ ਰੋ ਬਲਵੰਤ ਕੁਰੇ, ਤੂੰ ਨਾ ਰੋ, ਬਹੂ ਨੂੰ ਸਾਂਭ ਤੂੰ, ਐਹਨਾਂ ਮਸੂਮਾਂ ਨੂੰ ਸਾਂਭ...।'' ...ਆਪਣਾ ਰੋਣਾ ਨਹੀਂ ਬਣਦਾ... ਆਪਾਂ ਇਨ੍ਹਾਂ ਨੂੰ ਸਾਂਭੀਏ ਬਲਵੰਤ ਕੁਰੇ ...।''[8]

ਉਪਰੋਕਤ ਮੋਟਿਫ਼ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਆਉਂਦੇ ਹਨ ਸੋ ਇਨ੍ਹਾਂ ਨੂੰ ਕਹਾਣੀ ਵਿੱਚੋਂ ਖਾਰਜ ਕਰਨ ਨਾਲ ਕਹਾਣੀ ਸੰਗਠਨ ਉੱਪਰ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਪੈਂਦਾ । ਦੇਖਣ ਨੂੰ ਇਹ ਮੋਟਿਫ਼ ਭਾਵੇਂ ਕਹਾਣੀ ਦੀ ਬਣਤਰ ਲਈ ਬੇਲੋੜੇ ਪ੍ਰਤੀਤ ਹੁੰਦੇ ਹਨ ਪਰ ਅਗਾਂਹ ਕਹਾਣੀ ਦੀ ਲੜੀ ਨੂੰ ਜੋੜਨ ਲਈ ਉਪਯੋਗੀ ਹਨ ਇਸ ਕਰਕੇ ਕਹਾਣੀ ਵਿੱਚ ਇਨ੍ਹਾਂ ਦੀ ਸਾਰਥਕਤਾ ਨੂੰ ਇਨਕਾਰਿਆ ਨਹੀਂ ਜਾ ਸਕਦਾ ਕਿਉਂਕਿ ਆਮ ਤੌਰ ਤੇ ਖੁੱਲ੍ਹੇ ਮੋਟਿਫ਼ ਕਿਸੇ ਬੱਝੇ ਮੋਟਿਫ਼ ਦੇ ਵਿਕਾਸ ਹਿੱਤ ਵਰਤੇ ਜਾਂਦੇ ਹਨ ।[9] ਸੋ ਉਪਰੋਕਤ ਮੋਟਿਫ਼ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਬੱਝੇ ਮੋਟਿਫ਼ਾਂ ਦੇ ਵਿਕਾਸ ਹਿੱਤ ਵਰਤੇ ਗਏ ਹਨ । ਇਸ ਤੋਂ ਬਾਅਦ ਕਹਾਣੀਕਾਰ ਪਿੱਛਲਝਾਤ ਦੀ ਜੁਗਤ ਦੁਆਰਾ ਜੀਤ ਦੀ ਮੌਤ ਤੋਂ ਬਾਅਦ ਪੇਸ਼ ਹੋਈਆਂ ਘਟਨਾਵਾਂ ਨੂੰ ਸਪੱਸ਼ਟ ਕਰਨ ਵਿੱਚ ਰੁੱਝ ਜਾਂਦਾ ਹੈ ।

> ਮਸੋਸ ਕਰਨ ਆਇਆਂ ਨਾਲ ਉਹ ਗੱਲਾਂ ਕਰਦਾ ਵਿੱਚ ਵਿੱਚ ਬਾਹਰ ਗੇਟ ਵੱਲ ਵੇਖ ਲੈਂਦਾ, ਸ਼ਾਇਦ ਬਾਪੂ ਆ ਜਾਵੇ ।[10]

ਉਪਰੋਕਤ ਮੋਟਿਫ਼ 'ਗਾਲਪਨਿਕ ਮੋਟਿਫ਼' ਦੇ ਤੌਰ ਉੱਤੇ ਕਈ ਰੀਮਕ ਸੰਭਾਵਨਾਵਾਂ ਨੂੰ ਸਿਰਜਦੇ ਹਨ ਜਿਵੇਂ -

- ਹੋ ਸਕਦਾ ਹੈ ਕਿ ਬਾਪੂ ਜੀਤ ਦੀ ਮੌਤ ਦਾ ਮਸੋਸ ਕਰਨ ਆ ਜਾਵੇ,
- ਇਹ ਵੀ ਹੋ ਸਕਦਾ ਹੈ ਕਿ ਉਹ ਨਾ ਆਵੇ,
- ਇਹ ਵੀ ਹੋ ਸਕਦਾ ਹੈ ਕਿ ਬਾਪੂ ਮਸੋਸ ਕਰਨ ਭੋਗ ਵਾਲੇ ਦਿਨ ਆਵੇ,
- ਇਹ ਵੀ ਹੋ ਸਕਦਾ ਹੈ ਕਿ ਉਹ ਡੇਰੇ ਦੇ ਸੇਵਕਾਂ ਨੂੰ ਮਸੋਸ ਕਰਨ ਭੇਜ ਦੇਵੇ ।

ਉਪਰੋਕਤ ਰੀਮਕ ਸੰਭਾਵਨਾ ਵਿੱਚੋਂ ਕਹਾਣੀਕਾਰ ਤੀਜੀ ਅਤੇ ਚੌਥੀ ਰੀਮਕ ਸੰਭਾਵਨਾ ਨੂੰ ਸਾਂਝੇ ਤੌਰ ਉੱਤੇ ਚੁਣ ਲੈਂਦਾ ਹੈ ਜੋ ਅਗਲੇ ਮੋਟਿਫ਼ਾਂ ਲਈ ਥੀਮ ਬਣਕੇ ਅੱਗੇ ਚੱਲ ਪੈਂਦੀ ਹੈ । ਜਿਸ ਤਰ੍ਹਾਂ ਕਹਾਣੀ ਵਿੱਚ ਦੇਖਦੇ ਹਾਂ,

> ਸੁਨੇਹਾ ਤਾਂ ਬਾਪੂ ਨੂੰ ਉਦਣ ਹੀ ਭੇਜ ਦਿੱਤਾ ਸੀ, ਪਰ ਬਾਪੂ ਆਇਆ ਭੋਗ ਵਾਲੇ ਦਿਨ ਹੀ ਸੀ, ਡੇਰੇ ਦੇ ਪੰਜ ਛੇ ਸੇਵਕਾਂ ਨਾਲ । ਲੰਮਾ ਸਾਰਾ ਚੋਲਾ ਪਾਈ, ਅੱਖਾਂ ਮੀਟੀ ਸਿਮਰਨਾ ਫੇਰਦਾ, ਇਓਂ ਨਿਰਲੇਪ ਜਿਹਾ ਬੈਠਾ ਬਾਪੂ ਅਜੈਬ ਸਿੰਘ ਨੂੰ ਬੜਾ ਓਪਰਾ ਜਾਪਿਆ ਸੀ ।[11]

ਉਪਰੋਕਤ 'ਗਤੀਸ਼ੀਲ ਮੋਟਿਫ਼' ਕਹਾਣੀਕਾਰ ਦੀ ਚੁਣੀ ਹੋਈ ਰੀਮਕ ਸੰਭਾਵਨਾ ਦੀ ਗਵਾਹੀ ਭਰਦੇ ਹੋਏ ਵਿਕਾਸ ਕਰਦੇ ਹਨ :

- ਭੋਗ ਪੈਣ ਵੇਲੇ ਬਾਪੂ ਨੇ ਆਪਣੇ ਆਪ ਹੀ ਮਾਇਕ ਫੜ ਲਿਆ ਸੀ । ... ਉਹ ਬੋਲਿਆ ਵੀ ਉਘੜ-ਦੁੱਗੜਾ ਸੀ, ''ਸਾਧ ਸੰਗਤੇ, ਦੇਖੋ ਭਾਈ...।'' ਡੇਰੇ ਵਿੱਚੋਂ ਸੁਣੀ ਕਥਾ ਦੀ ਭੈੜੀ ਤਰ੍ਹਾਂ ਨਾਲ ਨਕਲ ਕਰ ਰਿਹਾ ਸੀ ਉਹ, ''ਭਾਈ ਸੌ ਹੱਥ ਰੱਸਾ... ਭਾਈ ਹੋਣਾ ਤਾਂ ਉਹੀ ਐ ਜੋ ਪਾਤਸ਼ਾਹ ਨੂੰ ਭਾਵੇ... ਪਰ ਬੰਦਾ ਵੀ ਭਾਈ... ਭੁੱਲ ਈ ਜਾਂਦੈ... ਮੈਂ ਬਹੁਤ ਜ਼ੋਰ ਲਾਇਆ ਟੱਬਰ ਨੂੰ... ਪਾਅਸ਼ਾਹ ਦੇ ਲੜ ਲੱਗ ਜੋ... ਪਰ ਮੇਰੀ ਕਿਸੇ ਨਹੀਂ ਸੁਣੀ... ਝੂਠੀਆਂ ਪੜ੍ਹਾਈਆਂ ਨੇ ਪੱਟੀ ਮੇਸ ਕਰਤੀ ਭਾਈ... ਸੱਚ ਆਖਾਂ ਤਾਂ ਜੈਬ ਸੂੰਹ ਨੂੰ ਵੀ... ਏਸ ਪੜ੍ਹਾਈ ਦਾ ਝੂਠਾ ਮਾਣ ਲੈ ਡੁੱਬਿਆ... ਮੈਂ ਬਹੁਤ ਕਲਪਿਆ, ਜਦੋਂ ਜੀਤ ਨੇ ਦਾਹੜ੍ਹੀ ਮੁਨਾਈ... ਪਰ ਏਹਨੇ ਕੁਛ ਨਾ ਕਿਹਾ... ਮੈਂ ਤਾਂ ਫਿਰ ਘਰ ਈਂ ਛੱਡ ਤਾਂ... ਮੈਂ ਪਾਅਸ਼ਾਹ ਦੇ ਚਰਨੀਂ ਲੱਗ ਆਪਣੀਆਂ ਭੁੱਲਾਂ ਬਖਸ਼ਾਂ ਲੀਆਂ... [12]
- ਮੈਂ ਤਾਂ ਥੋਨੂੰ ਵੀ ਕਹਿਨਾਂ ਸਾਰਿਆਂ ਨੂੰ... ਛੱਡੋ ਭਾਈ, ਏਹ ਝੂਠੇ ਮਾਣ ਤੇ ਲੱਗ ਜੇ ਪਾਤਸ਼ਾਹ ਦੇ ਚਰਨੀਂ... ਤੂੰ ਵੀ ਜੈਬ ਸਿਆਂ ਭਾਈ... ਹਾਲੇ ਵੀ ਭੁੱਲ੍ਹੇ ਬੇਰਾਂ ਦਾ... ਆਹ ਛੋਟੇ ਨੂੰ ਸਾਂਭ ਜਿਹੜਾ ਸਿਰ ਮੂੰਹ ਮੁਨਾਈ ਫਿਰਦੈ... ਦੇਖ ਉਹਦੀ ਲਾਠੀ ਦੀ ਵਾਜ਼...। [13]
- ਗੁੱਸਾ ਆ ਗਿਆ ਸੀ ਅਜੈਬ ਸਿੰਘ ਨੂੰ, ਪਤਾ ਹੀ ਨਾਂ ਲੱਗਾ ਕਦੋਂ ਉਸ ਬਾਪੂ ਹੱਥੋਂ ਮਾਈਕ ਖੋਹ ਲਿਆ ਤੇ ਪਾਠੀ ਨੂੰ ਅਰਦਾਸ ਕਰਨ ਲਈ ਕਹਿ ਦਿੱਤਾ ਸੀ । ਬਾਪੂ ਦੇ ਨਾਲ ਆਏ ਡੇਰੇ ਦੇ ਸੇਵਕ ਬਾਪੂ ਨਾਲੋਂ ਵੀ ਜ਼ਿਆਦਾ ਬੇਇੱਜ਼ਤੀ ਮੰਨ ਗਏ ਸਨ । ਉਹ ਬਾਪੂ ਨੂੰ ਨਾਂਲ ਲੈ ਕੇ ਅਵਾ-ਤਵਾ ਬੋਲਦੇ, ਅਰਦਾਸ ਹੋਣ ਤੋਂ ਪਹਿਲਾਂ ਹੀ ਡੇਰੇ ਦੇ ਰਾਹ ਪੈ ਗਏ ਸਨ । ਇਕ ਦੋ ਰਿਸ਼ਤੇਦਾਰਾਂ ਨੇ ਕਿਹਾ ਵੀ ਸੀ ਅਜੈਬ ਸਿਹੁੰ ਨੂੰ ਕਿ ਬਾਪੂ ਨੂੰ ਮੋੜ ਲਿਆਵੇ ਪਰ ਮਨ ਹੀ ਨਹੀਂ ਸੀ ਮੰਨਿਆ ਉਸਦਾ, ਉਸਨੇ ਸੋਚਿਆ ਸੀ ਕਿ ਜੇ ਡੇਰੇ ਵਾਲਿਆਂ ਦੇ ਲੜ

ਲੱਗ ਕੇ ਬੰਦਾ ਇੰਨਾ ਹੀ ਨਿਰਮੋਹਾ ਤੇ ਪੱਥਰ ਹੋ ਜਾਂਦੈ... ਤਾਂ ਹੁਣ ਕੀ ਮੋੜਨਾ ਬਾਪੂ ਨੂੰ । ਉਂਜ ਬਾਪੂ ਹੁਣ ਉਹ ਬਾਪੂ ਰਹਿ ਹੀ ਕਿੱਥੇ ਗਿਆ ਸੀ...। [14]

ਉਪਰੋਕਤ ਮੋਟਿਫ਼ ਜਿਥੇ ਬਾਪੂ ਦੇ ਡੇਰੇ ਵਿੱਚ ਆਉਣ ਦੇ ਅਤੀਤ ਨਾਲ ਜੁੜੇ ਮਾਨਸਿਕ ਕਾਰਨਾਂ ਅਤੇ ਆਪਣਾ ਅੱਗਾ ਸਵਾਰਨ ਲਈ ਦਾਨ ਪੁੰਨ ਕਰਦੇ ਹੋਏ ਸਾਧੂ ਸੰਤਾਂ ਦੀ ਸੰਗਤ ਕਰਨ ਦੇ ਨਾਲ ਜੁੜੇ ਕਾਰਨਾਂ ਨੂੰ ਵਿਗੋਪਤ ਕਰਦੇ ਹਨ । ਉੱਥੇ ਸੰਕੇਤਕ ਤੌਰ ਉੱਤੇ ਇਹ ਪ੍ਰਭਾਵ ਵੀ ਸੱਪਸ਼ਟ ਕਰਦੇ ਕਿ ਅਜੋਕੇ ਦੌਰ ਵਿੱਚ ਢੌਂਗੀ ਬਾਬਿਆਂ ਵਲੋਂ ਸਾਡੇ ਪੂਰਵਜ ਗੁਰੂਆਂ ਦੇ ਰੂਹਾਨੀ ਸੰਦੇਸ਼ ਦੀ ਗ਼ਲਤ ਵਰਤੋਂ ਕਰਦੇ ਹੋਏ ਆਪਣੇ ਆਪ ਨੂੰ ਪਾਤਸ਼ਾਹ ਸਮਝਣਾ, ਦਿਨੋਂ ਦਿਨ ਭੋਲੀ ਭਾਲੀ ਜਨਤਾ ਨੂੰ ਪੂਜਾ, ਭਗਤੀਆਂ, ਭੇਟਾਂ, ਚੌਕੀਆਂ, ਚਮਤਕਾਰਾਂ ਆਦਿ ਵਿੱਚ ਪਾਕੇ ਉਨ੍ਹਾਂ ਦਾ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਨਾ ਅਜੋਕੇ ਦੌਰ ਦੀ ਸਭ ਤੋਂ ਵੱਡੀ ਸਮੱਸਿਆ ਹੈ । ਇਸੇ ਸਮੱਸਿਆ ਦੁਆਲੇ ਹੀ ਕਹਾਣੀ ਦੀ ਕੇਂਦਰੀ ਥੀਮ ਘੁੰਮਦੀ ਹੈ । ਉਪਰੋਕਤ ਮੋਟਿਫ਼ਾਂ ਦਾ ਥੀਮ ਪੂਰੀ ਕਹਾਣੀ ਦੀ ਸੰਰਚਨਾ ਵਿੱਚ ਆਰ-ਪਾਰ ਫੈਲਿਆ ਹੋਇਆ ਹੈ । ਉਪਰੋਕਤ ਮੋਟਿਫ਼ਾਂ ਵਿੱਚੋਂ ਪਹਿਲਾ, ਦੂਜਾ ਮੋਟਿਫ਼ ਸਧਾਰਣ ਜਨਤਾ ਦੀ ਮਾਨਸਿਕਤਾ ਦੀ ਪੇਸ਼ਕਾਰੀ ਹੈ ਕਿ ਕਿਵੇਂ ਉਨ੍ਹਾਂ ਨੂੰ ਢੌਂਗੀ ਬਾਬੇ ਆਪਣੇ ਜਾਲ ਵਿੱਚ ਫਸਾ ਕੇ ਉਨ੍ਹਾਂ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਹਨ ਅਤੇ ਤੀਜਾ ਮੋਟਿਫ਼ ਪੜ੍ਹੀ ਲਿਖੀ ਪੀੜ੍ਹੀ ਦੀ ਮਾਨਸਿਕਤਾ ਦੀ ਪੇਸ਼ਕਾਰੀ ਦਾ ਹੈ ਕਿ ਕਿਸ ਤਰ੍ਹਾਂ ਉਹ ਭੇਖੀ ਸਾਧੂਆਂ, ਤਾਂਤਰਿਕਾਂ, ਪੁਛਣਾ ਦੇਣ ਵਾਲੇ ਢੌਂਗੀ ਬਾਬਿਆਂ ਤੋਂ ਆਪਣੇ ਆਪ ਨੂੰ ਦੂਰ ਰੱਖਦੇ ਹਨ । ਇਸ ਤੋਂ ਅਗਾਂਹ ਕਹਾਣੀ ਪਿੱਛਲਝਾਤ ਦੀ ਜੁਗਤ ਰਾਹੀਂ ਪਛਾਂਹ ਵੱਲ ਸਰਕਦੀ, ਉਪਰੋਕਤ ਮੋਟਿਫ਼ਾਂ ਦੇ ਪ੍ਰਭਾਵ ਨੂੰ ਸੰਘਣਾ ਕਰਦੀ ਭੇਖੀ ਸਾਧੂਆਂ ਵੱਲੋਂ ਸਧਾਰਨ ਜਨਤਾ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਨ ਦੇ ਪ੍ਰਭਾਵ ਨੂੰ ਸੱਪਸ਼ਟ ਕਰਦੀ ਹੋਈ ਵਿਕਾਸ ਕਰਦੀ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ,

- ਡੇਰੇ ਆਉਂਦਾ ਜਾਂਦਾ ਤਾਂ ਉਹ ਪਹਿਲਾਂ ਤੋਂ ਹੀ ਸੀ ਪਰ ਪਿਛਲੇ ਦੋ ਸਾਲਾਂ ਤੋਂ ਜਦੋਂ ਦੀ ਬੇਬੇ ਪੂਰੀ ਹੋਈ ਸੀ, ਉਹ ਉਥੇ ਪੱਕਾ ਹੀ ਡੇਰਾ ਲਾ ਕੇ ਬੈਠ ਗਿਆ ਸੀ । ਘਰ ਤਾਂ ਉਹ ਛੇ ਮਹੀਨੇ ਪਿਛੋਂ ਹੀ ਆਉਂਦਾ ਸੀ, ਸਿਰਫ਼ ਠੇਕਾ ਲੈਣ, ਆਪਣੀ ਜ਼ਮੀਨ ਦਾ ਆਪਣੇ ਹੀ ਪੁੱਤ ਕੋਲੋਂ ਤੇ ਲਿਜਾ ਕੇ ਡੇਰੇ ਮੱਥਾ ਟੇਕ ਦਿੰਦਾ ਸੀ । ਅਜੈਬ ਸਿੰਘ ... ਇਹ ਸੋਚ ਕੇ ਮਨ ਮਾਰ ਲੈਂਦਾ ਕਿ ... ਜੇ ਉਸਨੂੰ ਇਉਂ ਹੀ ਖੁਸ਼ੀ ਮਿਲਦੀ ਐ ਤਾਂ ਹੀ ਸਹੀ । [15]
- ਠੇਕਾ ਲੈਣ ਵਾਲੇ ਦਿਨ ਬਾਪੂ ਡੇਰੇ ਦੀ ਗੱਡੀ ਵਿੱਚ ਆਉਂਦਾ, ਦੋ ਚਾਰ ਸੇਵਕ ਉਹਦੇ ਨਾਲ ਹੁੰਦੇ ... ਪੈਸੇ ਫੜ ਕੇ ਬਾਪੂ ਚਿੱਟੀ ਰੁਮਾਲੀ ਵਿੱਚ ਲਪੇਟਦਾ ਤੇ ਮੱਥਾ ਟੇਕਣ ਵਾਂਗੂੰ ਦੋਵੇਂ ਹੱਥਾਂ ਨਾਲ ਸੇਵਕ ਦੇ ਹਵਾਲੇ ਕਰ ਦਿੰਦਾ ਤੇ ਆਖਦਾ ... ਦਾਨ ਦਿੱਤੇ ਤੋਂ ਧਨ ਘਟਦਾ ਨਹੀਂ...।'' ਸਿਰ ਹਿਲਾ ਕੇ ਬਾਪੂ ਦੀ ਗੱਲ ਦੀ ਹਮਾਇਤ ਕਰਦਾ ਸੇਵਕ, ਟੱਬਰ 'ਤੇ

> ਅਹਿਸਾਨ ਕਰਨ ਵਾਂਗੂੰ ਚਾਲੀ ਹਜ਼ਾਰ ਰੁਪਿਆ, ਗੋਡੇ ਹੇਠਲੇ ਬੈਗ ਵਿੱਚ ਲਾਪ੍ਰਵਾਹੀ ਨਾਲ ਰੱਖ ਲੈਂਦਾ ਸੀ ।[16]

ਉਪਰੋਕਤ ਮੋਟਿਫ਼ ਜਿਥੇ ਢੌਂਗੀ ਬਾਬਿਆਂ ਵੱਲੋਂ ਆਪਣੇ ਲਈ ਲਾਇਕ ਸਹੂਲਤਾਂ ਪ੍ਰਾਪਤ ਕਰਨ ਲਈ ਸਧਾਰਨ ਜਨਤਾ ਦੇ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਨ ਦੇ ਪਹਿਲਾਂ ਤੋਂ ਚਲੇ ਆ ਰਹੇ ਪ੍ਰਭਾਵ ਨੂੰ ਹੋਰ ਸੰਘਣਾ ਕਰਦੇ ਹਨ ਉਥੇ ਇਨ੍ਹਾਂ ਮੋਟਿਫ਼ਾਂ ਨੂੰ ਅਸੀਂ '**ਦੁਹਰਾਓ-ਲੇਬਲ**' ਅਧੀਨ ਵਿਚਾਰ ਸਕਦੇ ਹਾਂ । ਇਹ ਇਕ ਸੰਕੇਤ, ਇਕ ਲਫ਼ਜ ਜਾਂ ਇਕ ਕਥਨ ਵੀ ਹੋ ਸਕਦਾ ਹੈ । ਜੋ ਪਾਤਰ ਦੀ ਕਿਸੇ ਵਿਸ਼ੇਸ਼ ਖਾਸੀਅਤ ਨੂੰ ਪ੍ਰਗਟਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ । 'ਦੋਹਰਾਓ ਲੇਬਲ' ਕਿਸੇ ਪਾਤਰ ਦੀਆਂ ਭਿੰਨ ਭਿੰਨ ਪਰੰਤੂ ਇਕੋ ਹੀ ਤਰ੍ਹਾਂ ਦੀਆਂ ਆਦਤਾਂ ਨੂੰ ਦਰਸਾਉਂਦਾ ਹੈ ਅਤੇ ਮੁਖ ਕਾਰਜ ਉਸ ਦੇ ਸੁਭਾ ਜਾਂ ਚਰਿਤਰ ਦੀਆਂ ਖੂਬੀਆਂ ਜਾਂ ਲੱਛਣਾਂ ਉਤੇ ਬਲ ਦੇਣਾ ਹੁੰਦਾ ਹੈ ।[17] ਸੋ ਉਪਰੋਕਤ ਮੋਟਿਫ਼ਾਂ ਵਿੱਚ ਬਾਪੂ ਦੇ ਚਰਿੱਤਰ ਦੀ ਖਾਸੀਅਤ ਡੇਰਿਆਂ ਵਿੱਚ ਅਥਾਹ ਸ਼ਰਧਾ ਰੱਖਣਾ ਅਤੇ ਆਪਣਾ ਅੱਗਾ ਸਵਾਰਨ ਲਈ ਦਾਨ-ਪੁੰਨ ਕਰਨ ਦੀਆਂ ਵੱਖ-ਵੱਖ ਪਰੰਤੂ ਇਕੋ ਹੀ ਤਰ੍ਹਾਂ ਦਾ ਪ੍ਰਭਾਵ ਪਾਂਦੀਆਂ ਆਦਤਾਂ ਤੇ ਸੁਭਾਅ ਦੀਆਂ ਖੂਬੀਆਂ ਉਤੇ ਬਲ ਦਿੱਤਾ ਹੈ । ਇਸ ਤੋਂ ਪਹਿਲਾਂ ਵੀ ਬਾਪੂ ਦੇ ਚਰਿੱਤਰ ਦਾ ਥੀਮ ਸਾਡੇ ਸਾਹਮਣੇ ਉਭਰ ਕੇ ਆ ਚੁੱਕਾ ਹੈ। 'ਦੁਹਰਾਓ ਲੇਬਲ' ਅਧੀਨ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ ਕਹਾਣੀ ਵਿੱਚ ਸਿੱਧਾ ਅਤੇ ਮਹੱਤਵਪੂਰਣ ਰੋਲ ਨਿਭਾਉਂਦੇ ਹੋਏ ਕਹਾਣੀ ਬਿਰਤਾਂਤ ਨੂੰ ਜਾਰੀ ਰੱਖਦੇ ਹਨ । ਇਸ ਤੋਂ ਅਗਾਂਹ ਕਹਾਣੀ ਵਿੱਚ ਪੇਸ਼ ਹੋਏ ਇਹ ਗਤੀਸ਼ੀਲ ਮੋਟਿਫ਼,

> ਸਾਰਾ ਟੱਬਰ ਡੇਰੇ ਤੋਂ ਪੁੱਜਕੇ ਦੁਖੀ ਸੀ, ਉਹ ਕਦੇ ਵੀ ਡੇਰੇ ਵੱਲ ਮੂੰਹ ਨਾ ਕਰਦੇ ਜੇ...। ਅਜੈਬ ਸਿੰਘ ਨੂੰ ਡੇਰੇ ਆਉਣਾ ਹੀ ਪਿਆ ਸੀ ਕੱਲ ।[18]

ਅਤੀਤ ਵਿੱਚ ਵਿਚਰਦੀ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਇਕ ਜੁਗਤ ਦਾ ਕੰਮ ਕਰਦੇ ਹਨ । ਪਰ ਅਜੈਬ ਸਿੰਘ ਡੇਰੇ ਕਿਉਂ ਆਇਆ ਹੈ ? ਇਸ ਬਾਰੇ ਵਿਗੋਪਨ ਅਜੇ ਸਪੱਸ਼ਟ ਤੌਰ ਉੱਤੇ ਰੋਕ ਲਿਆ ਹੈ । ਅਸੀਂ ਅਗਾਂਹ ਵੇਖਾਂਗੇ ਕਿ ਕਹਾਣੀ-ਸੰਰਚਨਾ ਵਿੱਚ ਮਾਸਟਰ ਅਜੈਬ ਸਿੰਘ ਦੇ ਡੇਰੇ ਵਿੱਚ ਆਉਣ ਦੇ ਇਸ ਗਤੀਸ਼ੀਲ ਮੋਟਿਫ਼ ਦੀ ਕੀ ਸਾਰਥਕਤਾ ਹੈ । ਕਹਾਣੀਕਾਰ ਨੇ ਇਸ ਨੂੰ ਅਛੋਹ ਹੀ ਛੱਡਕੇ... ਮਾਸਟਰ ਅਜੈਬ ਸਿੰਘ ਦੇ ਸਾਥੀ ਅਧਿਆਪਕ ਦੀ ਪਾਰਟੀ ਵਿੱਚ ਸ਼ਰਾਬ ਪੀਣ ਦੇ ਵੇਰਵੇ ਨੂੰ ਛੋਹ ਲਿਆ ਹੈ ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

> ਉਹ ਕਿਸੇ ਸਾਥੀ ਅਧਿਆਪਕ ਦੀ ਪਾਰਟੀ 'ਚੋਂ ਆਇਆ ਸੀ । ਉਹ ਸ਼ਰਾਬ ਨਹੀਂ ਸੀ ਪੀਂਦਾ ਪਰ ਕਿਸੇ ਪਾਰਟੀ ਵਿੱਚ ਬਹੁਤ ਜ਼ੋਰ ਦੇਣ ਤੇ ਇਕ ਦੋ ਪੈਗ ਲੈ ਲੈਂਦਾ ਸੀ । ਕਲ੍ਹ ਵੀ ਉਸਨੇ ਦੋ ਕੁ ਪੈਗ ਪੀਤੇ ਹੋਏ ਸਨ, ਪਰ ਉਹ ਠੀਕ ਠਾਕ ਸੀ ।[19]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਇਨ੍ਹਾਂ ਮੋਟਿਫ਼ਾਂ ਦੀ ਕਹਾਣੀ ਸੰਰਚਨਾ ਵਿੱਚ ਅਹਿਮ ਅਤੇ ਮਹੱਤਵਪੂਰਣ ਲੋੜ ਹੈ । ਰਚਨਾ-ਪ੍ਰੇਰਕ ਉਹ ਹਨ ਜੋ ਇਕ ਵਾਰ ਵਰਤੇ ਜਾਣ ਤਾਂ ਕਦੀ ਨਾ ਕਦੀ ਰਚਨਾ ਵਿੱਚ ਕੋਈ ਸਾਰਥਕ ਰੋਲ ਅਦਾ ਕਰਦੇ ਹਨ ।[20] ਉਪਰੋਕਤ ਮੋਟਿਫ਼ ਕਹਾਣੀ ਸੰਰਚਨਾ ਵਿੱਚ ਕੀ ਸਾਰਥਕ ਰੋਲ ਨਿਭਾਉਂਦੇ ਹਨ ਇਸ ਬਾਰੇ ਸਾਨੂੰ ਅਗਾਂਹ ਪਤਾ ਲੱਗੇਗਾ, ਇਸ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ । ਇਸ ਤੋਂ ਬਾਅਦ ਕਹਾਣੀ ਵਿੱਚ ਪੇਸ਼ ਹੋਏ 'ਬੱਝੇ ਮੋਟਿਫ਼' ਹਨ –

> ਰੋਜ਼ ਵਾਂਗੂੰ ਪੋਤੀ ਗੁੱਡੋ ਨੂੰ ਬੁੱਕਲ 'ਚ ਲੈ ਕੇ ਲਾਡ ਕਰਨ ਹੀ ਲੱਗਾ ਸੀ ਕਿ ਘਬਰਾਈ ਹੋਈ ਬਲਵੰਤ ਕੁਰ ਨੇ ਕਿਹਾ ਸੀ, ''ਸੁਣੋ ਜੀ, ਪਟਵਾਰੀ ਆ ਕੇ ਗਿਐ, ਕਹਿੰਦਾ ਸੀ ਅੱਜ ਡੇਰੇ ਵਾਲੇ ਆਪਣੀ ਜ਼ਮੀਨ ਦੇ ਨੰਬਰ ਲੈ ਕੇ ਗਏ ਨੇ... ।''[21]

ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਇਹ 'ਬੱਝੇ ਮੋਟਿਫ਼' ਸੰਕੇਤਕ ਤੌਰ ਉੱਤੇ ਡੇਰੇ ਵਾਲਿਆਂ ਵਲੋਂ ਬਾਪੂ ਦੀ ਜ਼ਮੀਨ ਨੂੰ ਡੇਰੇ ਦੇ ਨਾਮ ਲਵਾਉਣ ਦੇ ਪ੍ਰਭਾਵ ਨੂੰ ਵਿਗੋਪਤ ਕਰਦੇ ਹੋਏ ਮਾਸਟਰ ਅਜੈਬ ਸਿੰਘ ਦੇ ਡੇਰੇ ਵਿੱਚ ਆਉਣ ਦੇ ਕਾਰਣਾਂ ਬਾਰੇ ਜਾਣਕਾਰੀ ਦਿੰਦੇ ਵਿਕਾਸ ਕਰਦੇ ਹਨ –

- ''ਬੀਰੇ ਸਕੂਟਰ ਕੱਢੀਂ ਬਾਹਰ...।''.''ਮੈਂ ਬਾਪੂ ਨੂੰ ਮਿਲਣ ਜਾਣੈਂ ... ।''
  ... ''ਹੁਣ ਕੀ ਕਰਨੈ ਬਾਪੂ ਨੂੰ ਮਿਲ ਕੇ, ਨਾ ਮੈਂ ਪੁੱਛਦੈ ਹੁਣ ਦੀ ਕਰਨੈ... ਜਦੋਂ ਮੈਂ ਕਹਿੰਦਾ ਸੀ ਉਸ ਡੇਰੇ ਨੂੰ ਅੱਸੀ ਹਜ਼ਾਰ ਜਜੀਆ ਨਾ ਭਰੇ ਸਾਲ ਦਾ... ਬਾਪੂ ਨੂੰ ਲੈ ਆਓ ਐਥੇ... ਮੰਨੀ ਕਿਸੇ ਨੇ ਮੇਰੀ...?''[22]
- ਬੀਰਾ ਲੋਹਾ ਲਾਖਾ ਹੋਕੇ ... ਫਿਰ ਆਪਣੀ ਮਾਂ ਵੱਲ ਹੱਥ ਕਰਕੇ ਬੋਲਿਆ ਸੀ,''ਮੈਂ ਨੀਂ ਸੀ ਕਹਿੰਦਾ ਤੈਨੂੰ ਕਿ ਉਨ੍ਹਾਂ ਕੰਜਰਾਂ ਨੂੰ ਨਾ ਵਾੜਿਆ ਕਰ ਘਰੇ... ਪਰ ਤੈਂ ਮੰਨੀ... ਤੂੰ ਤਾਂ ਛੰਤ ਜੀ ਛੰਤ ਜੀ ਕਰਦੀ ਦੁੱਧ ਛਕਾਉਂਦੀ ਨਹੀਂ ਸੀ ਥੱਕਦੀ ਹੁਣ... ਹੁਣ ਲੱਗੂ ਪਤਾ... ਸੱਪਾਂ ਨੂੰ ਦੁੱਧ ਪਿਲਾਉਣ ਦਾ...।''[23]
- ''ਹੌਂਸਲਾ ਰੱਖ ਪੁੱਤ... ਅਜੇ ਕੀ ਵਿਗੜਿਐ... ਮੈਂ ਚੱਲਿਆਂ ਬਾਪੂ ਨੂੰ ਲੈਣ... ।''
  ... ''ਉਸ ਡੇਰੇ ਨੂੰ ਤੁਸੀਂ ਨਹੀਂ ਜਾਣਦੇ ਪਾਪਾ, ਸਾਡੇ ਕਾਲਜ 'ਚ ਆਉਂਦੇ ਨੇ ਉਥੋਂ ਦੇ ਮੁੰਡੇ, ਉਹ ਦੱਸਦੇ ਐ ਕਿ ਉਥੇ ਕੋਈ ਸੰਤ ਸੁੱਤ ਨਹੀਂ ਰਹਿੰਦਾ, ਦੁਨੀਆਂ ਭਰ ਦੇ ਬਦਮਾਸ਼ਾਂ ਨਾਲ ਭਰਿਐ ਪਿਐ ਸਾਰਾ ਡੇਰਾ... ।''[24]
- ''ਬੱਸ ਕਰ ਵੇ ਚੰਦਰਿਆ ਬੱਸ ਕਰ...ਕਿਉਂ ।'' ਪਰ ਨਹੀਂ ਸੀ ਬੋਲਣ ਦਿੱਤਾ ਬੀਰੇ ਨੇ ਮਾਂ ਨੂੰ... । ''ਤੂੰ ਬੱਸ ਕਰ ਤੂੰ... ਤੇਰੇ ਵਰਗੀਆਂ ਬੁੜ੍ਹੀਆਂ ਦੇ ਸਿਰ ਤੇ ਚਲਦੇ ਨੇ ਇਹ ਢਕੌਂਸਲੇ... ਸਾਡੇ ਕਾਲਜੇ ਨੂੰ ਹੱਥ ਪਾ ਲਿਆ ਉਹਨਾਂ... ਤੈਨੂੰ ਅਜੇ ਵੀ... ਹੁਣ ਤਾਂ ਸ਼ਰਮ...।''[25]

ਉਪਰੋਕਤ ਮੋਟਿਫ਼ ਜਿਥੇ ਸੰਕੇਤਕ ਤੌਰ ਉੱਤੇ ਮਾਸਟਰ ਅਜੈਬ ਸਿੰਘ ਦੇ ਡੇਰੇ ਵਿੱਚ ਜਾਣ ਦੇ ਕਾਰਨਾਂ ਨੂੰ 'ਵਿਲੰਬਤ ਵਿਗੋਪਨ' ਵਜੋਂ ਹੌਲੀ ਹੌਲੀ ਵਿਗੋਪਤ ਕਰ ਰਹੇ ਹਨ ਉਥੇ ਇਨ੍ਹਾਂ ਮੋਟਿਫ਼ਾਂ ਵਿੱਚ ਧਰਮ ਦੇ ਨਾਮ ਉੱਤੇ ਵਿਹਲੜ ਅਤੇ ਢੌਂਗੀ ਸਾਧੂਆਂ ਵੱਲੋਂ ਦਾਨ ਪ੍ਰਾਪਤ ਕਰਕੇ ਆਪਣੇ ਜੀਵਨ ਲਈ ਲਾਇਕ ਸਹੂਲਤਾਂ ਪ੍ਰਾਪਤ ਕਰਨਾ, ਭੋਲੀ ਭਾਲੀ ਜਨਤਾ ਨੂੰ ਝੂਠੇ ਅੰਧ ਵਿਸ਼ਵਾਸਾਂ, ਮਿੱਥਾਂ, ਦਾਨ-ਪੁੰਨ ਦੇ ਭੰਵਰ ਜਾਲ ਵਿੱਚ ਪਾਕੇ ਉਨ੍ਹਾਂ ਦਾ ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਨ ਦੇ ਪ੍ਰਭਾਵ ਨੂੰ ਸਿਰਜਨ ਅਤੇ ਨੌਜਵਾਨ ਪੀੜ੍ਹੀ ਵਲੋਂ ਭੇਖੀ ਸਾਧੂਆਂ ਦੇ ਪਰਦੇ ਖੋਹਲਣ ਲਈ ਉਨ੍ਹਾਂ ਦੀਆਂ ਪੁੱਠੀਆਂ ਚਾਲਾਂ ਵਿੱਚ ਮਾਨਸਿਕ ਤੌਰ ਉੱਤੇ ਫਸੇ ਸਧਾਰਨ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਸਦੀਵੀ ਥੀਮ ਪਿਆ ਹੋਇਆ ਹੈ । ਉਪਰੋਕਤ ਮੋਟਿਫ਼ਾਂ ਨੂੰ ਅਸੀਂ '**ਵਿਰੋਧੀ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼**' ਦੇ ਤੌਰ ਉੱਤੇ ਵੀ ਵਿਚਾਰ ਸਕਦੇ ਹਾਂ । ਜਦੋਂ ਵਾਕਾਂ ਵਿੱਚ ਮੋਟਿਫ਼ਾਂ ਦੀ ਪ੍ਰਕਿਰਤੀ ਵਿਰੋਧ ਵਾਲੀ ਹੋਵੇ ਤਾਂ ਉਹਨਾਂ 'ਮੋਟਿਫ਼ਾਂ' ਨੂੰ ਵਿਰੋਧੀ ਪ੍ਰਕਿਰਤੀ ਵਾਲੇ 'ਗਤੀਸ਼ੀਲ ਮੋਟਿਫ਼' ਮੰਨਿਆ ਜਾ ਸਕਦਾ ਹੈ ।[26] ਉਪਰੋਕਤ ਮੋਟਿਫ਼ਾਂ ਦੀ ਪ੍ਰਕਿਰਤੀ ਵਿਰੋਧ ਵਾਲੀ ਹੈ ਅਰਥਾਤ ਬੀਰਾ ਭੇਖੀ ਸਾਧੂਆਂ ਦੇ ਪਰਦੇ ਖੋਹਲਦਾ ਹੋਇਆ ਕੌੜੇ ਸੱਚ ਨੂੰ ਆਪਣੀ ਮਾਂ ਅਤੇ ਬਾਪ ਅੱਗੇ ਪੇਸ਼ ਕਰਦਾ ਹੋਇਆ ਗੁੱਸੇ ਵਿੱਚ ਢੌਂਗੀ ਸਾਧੂਆਂ ਉੱਪਰ ਵਿਸ਼ਵਾਸ ਕਰਨ ਦਾ ਵਿਰੋਧ ਕਰਦਾ ਹੈ ਪਰ ਉਸਦੀ ਮਾਂ ਉਸ ਨੂੰ ਅਜਿਹਾ ਬੋਲਣ ਤੋਂ ਰੋਕਦੀ ਹੋਈ ਬੀਰੇ ਦਾ ਵਿਰੋਧ ਕਰਦੀ ਹੈ । ਇਸ ਤੋਂ ਅਗਾਂਹ ਕਹਾਣੀਕਾਰ ਨੇ ਵਾਸਤਵਿਕਤਾ ਦਾ ਭਰਮ ਉਪਜਾਉਣ ਲਈ ਕਹਾਣੀ ਵਿੱਚ ਤਣੇ ਵਿਰੋਧੀ ਮਾਹੌਲ ਨੂੰ ਥੋੜ੍ਹਾ ਠਰ੍ਹੰਮਾ ਦੇਣ ਲਈ ਅਤੀਤ ਤੋਂ ਵਰਤਮਾਨ ਵੱਲ ਕਹਾਣੀ ਨੂੰ ਤੋਰਦੇ ਹੋਏ ਗਤੀਹੀਨ ਮੋਟਿਫ਼ਾਂ ਤਹਿਤ ਕਹਾਣੀ ਨੂੰ ਰੋਕ ਲਿਆ ਹੈ । ਗਤੀਹੀਨ ਮੋਟਿਫ਼ ਮਨੋ-ਸੰਗਠਨ ਨੂੰ ਉਜਾਗਰ ਕਰਦੇ ਹਨ ।[27] ਇਸ ਤੋਂ ਅਗਾਂਹ ਗੁੱਡੋ ਦੀ ਯਾਦ ਦੇ 'ਗਤੀਹੀਨ ਮੋਟਿਫ਼' ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਵਰਤੇ ਗਏ ਹਨ । ਜਿਨ੍ਹਾਂ ਨੂੰ ਕਹਾਣੀ ਸੰਗਠਨ ਵਿੱਚੋਂ ਖਾਰਜ ਵੀ ਕੀਤਾ ਜਾ ਸਕਦਾ ਹੈ । ਇਨ੍ਹਾਂ ਖੁੱਲ੍ਹੇ ਮੋਟਿਫ਼ਾਂ ਦੇ ਕਹਾਣੀ ਵਿੱਚੋਂ ਖਾਰਜ ਹੋਣ ਦੀ ਸਥਿਤੀ ਵਿੱਚ ਇਸ ਦੇ ਸੰਗਠਨ ਉੱਤੇ ਕੋਈ ਵਿਸ਼ੇਸ਼ ਪ੍ਰਭਾਵ ਨਹੀਂ ਪੈਂਦਾ । ਇਨ੍ਹਾਂ ਦੀ ਵਰਤੋਂ ਵਾਸਤਵਿਕਤਾ ਦਾ ਭਰਮ ਉਪਜਾਉਣ ਤੋਂ ਵੱਧ ਕੁਝ ਵੀ ਨਹੀਂ ਹੈ । ਇਸ ਤੋਂ ਅਗਾਂਹ ਕਹਾਣੀ ਵਿੱਚ ਪੇਸ਼ ਹੋਏ ਗਤੀਸ਼ੀਲ ਮੋਟਿਫ਼ ਹਨ –

> ਕੱਲ੍ਹ ਉਹ ਕੱਲਾ ਹੀ ਆ ਗਿਆ ਸੀ ਡੇਰੇ੍ਉਹ ਤਾਂ ਬਾਪੂ ਦਾ ਮਿੰਨਤ ਤਰਲਾ ਕਰ ਲਵੇਗਾ । ਕਹੇਗਾ, ''ਕਿਉਂ ਉਜਾੜਨ ਲੱਗਿਆਂ ਬਾਪੂ ਟੱਬਰ ਨੂੰ, ਪਾਤਸ਼ਾਹ ਨੂੰ ਕੀ ਘਾਟੈ... ਤੂੰ ਜੁਆਕਾਂ ਵੱਲ ਦੇਖ... ਕਿਉਂ ਘਾਣ ਕਰਨ ਲੱਗੈਂ...?'' ਉਹ ਭੋਗ ਵਾਲੇ ਦਿਨ ਦੀ ਮੁਆਫੀ ਮੰਗ ਲਵੇਗਾ, ਬਾਪੂ ਤੋਂ ਵੀ, ਡੇਰੇ ਵਾਲਿਆਂ ਤੋਂ ਵੀ । ਇਹੀ ਸਭ ਸੋਚਦਾ ਉਹ ਡੇਰੇ ਆਣ ਪਹੁੰਚਿਆ ਸੀ ।[28]

ਕਹਾਣੀ ਵਿਚ ਪੇਸ਼ ਹੋਏ ਉਪਰੋਕਤ ਗਤੀਸ਼ੀਲ ਮੋਟਿਫ਼ ਮਾਸਟਰ ਅਜੈਬ ਸਿੰਘ ਦੇ ਡੇਰੇ ਵਿੱਚ ਆਉਣ ਦੇ ਅਤੀਤ ਨਾਲ ਜੁੜੇ ਵੇਰਵਿਆਂ ਦਾ ਪੂਰਨ ਤੌਰ ਉੱਤੇ ਵਿਗੋਪਨ ਸੱਪਸ਼ਟ ਕਰਦੇ ਹੋਏ 'ਗਾਲਪਨਿਕ ਮੋਟਿਫ਼' ਦੇ ਤੌਰ ਤੇ ਕਈ ਰੀਮਕ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ –

- ਹੋ ਸਕਦਾ ਹੈ ਮਾਸਟਰ ਅਜੈਬ ਸਿੰਘ ਦੀ ਆਪਣੇ ਬਾਪੂ ਨੂੰ ਮਿਲਣ ਦੀ ਸਕੀਮ ਨੇਪਰੇ ਚੜ੍ਹ ਜਾਵੇ,
- ਇਹ ਵੀ ਹੋ ਸਕਦਾ ਹੈ ਕਿ ਉਸਦਾ ਬਾਪੂ ਉਸਨੂੰ ਨਾ ਮਿਲੇ,
- ਇਕ ਸੰਭਾਵਨਾ ਇਹ ਵੀ ਹੋ ਸਕਦੀ ਹੈ ਮਾਸਟਰ ਅਜੈਬ ਸਿੰਘ ਨੂੰ ਉਸਦੇ ਬਾਪੂ ਨਾਲ ਮਿਲਣ ਤੋਂ ਕੋਈ ਰੋਕ ਲਵੇ

ਕਹਾਣੀਕਾਰ ਤੀਜੀ ਰੀਮਕ ਸੰਭਾਵਨਾਵਾਂ ਅਗਲੇ ਮੋਟਿਫ਼ਾਂ ਦੇ ਵਿਕਾਸ ਲਈ ਚੁਣਦਾ ਹੋਇਆ ਕਹਾਣੀ ਬਿਰਤਾਂਤ ਨੂੰ ਗਤੀਸ਼ੀਲ ਰੱਖਦਾ ਹੈ, ਜਿਸ ਤਰ੍ਹਾਂ ਅਸੀਂ ਕਹਾਣੀ ਵਿਚ ਦੇਖਦੇ ਹਾਂ –

- ਡੇਰੇ ਤੋਂ ਬਾਹਰ ਹੀ ਤਿੰਨ ਚਾਰ ਸੇਵਕ ਮਿਲ ਪਏ ਸਨ । ...ਉਸਨੇ ਨਹੀਂ ਸਨ ਪਛਾਣੇ ਕਿ ਇਹ ਉਹੀ ਸੇਵਕ ਸਨ, ਜਿਹੜੇ ਜੀਤ ਦੇ ਭੋਗ ਵੇਲੇ ਗਏ ਸਨ ਬਾਪੂ ਨਾਲ ਤੇ ਬਾਪੂ ਨਾਲੋਂ ਵੀ ਜ਼ਿਆਦਾ ਬੇਇੱਜ਼ਤੀ ਮੰਨ ਕੇ ਆਏ ਸਨ ।[29]
- ਉਸਨੇ ਬਹੁਤ ਝੁਕ ਕੇ ਫਤਹਿ ਬੁਲਾਈ ਸੀ... ਅੱਗੋਂ ਸੇਵਕਾਂ ਵੀ ਬੜੇ ਪਿਆਰ ਨਾਲ ਜੁਆਬ ਦਿੱਤਾ ਸੀ, ...''ਦੱਸ ਭਾਈ ਗੁਰਮੁਖਾ... ਪਾਅਸ਼ਾਹ ਮਿਹਰ ਕਰੇ... ਕਿੱਦਾਂ ਦਰਸ਼ਨ ਦਿੱਤੇ...?''
  ''ਜੀ ਮੇਰੇ ਬਾਪੂ ਜੀ ਨੇ ਇਥੇ... ਅਮਰ ਸਿੰਘ... ਉਨ੍ਹਾਂ ਨੂੰ ਮਿਲਣਾ ਸੀ...।''
  ''ਅਮਰ ਸਿੰਘ...?''.''ਪਾਅਸ਼ਾਹ ਮਿਹਰ ਕਰੇ ਭਾਊ... ਅਮਰ ਸਿੰਘ ਤੇ ਇਥੇ ਕਈ ਨੇ...।''[30]
- ''ਜੀ ਉਹ ਲਖਣਪੁਰ ਤੋਂ ਨੇ...।''
  ''ਅੱਛਾ-ਅੱਛਾ...।''... ''ਅਮਰ ਸਿੰਘ ਜਿਹੜਾ ਡੰਗਰਾਂ ਦੀ ਸੇਵਾ ਕਰਦੈ, ਪਾਅਸ਼ਾਹ ਮਿਹਰ ਕਰੇ, ਲੱਤੋਂ ਜਰਾ ਲੱਗਾ ਕੇ ਤੁਰਦੈ ਨਾ...?''[31]
- ਅੱਛਾ...ਅੱਛਾ...।'' ਚਿੱਟੀ ਦਾਹੜੀ ਵਾਲਾ ਝੁਕਿਆ...''ਮਿਲ ਗਿਐ ਭਾਊ... ਪਾਤਸ਼ਾਹ ਮਿਹਰ ਕਰੇ ।'' ਤੇ ਸਾਥੀਆਂ ਵੱਲ ਮੂੰਹ ਕਰਕੇ ਹੱਸਿਆ, ''ਓਏ ਓਹ ਅਮਰੂ... ਉਹ ਜਿਹੜਾ ਲੰਗਰ 'ਚ ਬਾਲਣ ਝੋਕਦਾ... ਉਹ ਸੁੱਕਿਆ ਜਿਆ...'' ...''ਜੀਹਦੇ ਇਥੇ ਕੁ ਦਾਹੜੀ ਏ... ਬੱਕੜੇ ਦਾਹੜੀਆਂ... ਉਹੀਏ ਨਾ ਭਾਊ... ਪਾਤਸ਼ਾਹ ਮਿਹਰ ਕਰੇ...।''[32]

'ਸਵਾਲ-ਜਵਾਬ' ਦੀ ਸੰਵਾਦੀ ਜੁਗਤ ਦੇ ਉਪਰੋਕਤ ਗਤੀਸ਼ੀਲ ਮੋਟਿਫ਼ ਜਿੱਥੇ ਮਾਸਟਰ ਅਜੈਬ ਸਿੰਘ ਨੂੰ ਆਪਣੇ ਬਾਪੂ ਨਾਲ ਮਿਲਣ ਤੋਂ ਰੋਕਦੇ ਹਨ ਉਥੇ ਡੇਰੇ ਵਿੱਚ ਰਹਿੰਦੇ ਉਨ੍ਹਾਂ ਖਚਰੇ ਸੇਵਕਾਂ ਦੇ ਦੰਭੀ ਚਰਿੱਤਰ '**ਉਤੋਂ ਬੀਬੀਆਂ ਦਾਹੜੀਆਂ ਵਿੱਚੋਂ ਕਾਲੇ ਕਾਂ**' ਨੂੰ ਸਪੱਸ਼ਟ ਕਰਦੇ ਹਨ ਕਿ ਕਿਸ ਤਰ੍ਹਾਂ ਉਹ

ਸਧਾਰਨ ਆਦਮੀ ਨੂੰ ਆਪਣੇ ਮਜ਼ਾਕ ਦਾ ਪਾਤਰ ਬਣਾਕੇ ਉਸਦੀਆਂ ਭਾਵਨਾਵਾਂ ਦੀ ਕਦਰ ਨਾ ਕਰਦੇ ਹੋਏ ਉਸਦਾ ਮਜ਼ਾਕ ਉਡਾਕੇ ਆਨੰਦ ਲੈਂਦੇ ਹਨ । ਇਸ ਤੋਂ ਅਗਾਂਹ ਕਹਾਣੀਕਾਰ ਕਹਾਣੀ ਵਿੱਚ ਤਣੇ ਮਾਹੌਲ ਨੂੰ ਥੋੜ੍ਹਾ ਹੋਰ ਸੰਘਣਾ ਕਰਨ ਲਈ ਵਸਤੂ-ਪ੍ਰੇਰਕ ਤੋਂ ਕੰਮ ਲੈਂਦਾ ਹੈ, ਜਿਵੇਂ –

> ਅਜੈਬ ਸਿੰਘ ਨੂੰ ਜਾਪਿਆ ਕਿ ਉਹ ਜਾਣ ਬੁੱਝ ਕੇ ਉਹਦੀ ਤੇ ਉਹਦੇ ਬਾਪੂ ਦੀ ਬੇਇੱਜ਼ਤੀ ਕਰ ਰਹੇ ਨੇ, ਉਹ ਥੋੜ੍ਹਾ ਖਿਝ ਕੇ ਬੋਲਿਆ, ''ਨਹੀਂ ਜੀ, ਉਹ ਨਹੀਂ, ਮੇਰਾ ਬਾਪੂ ਅਮਰ ਸਿੰਘ ਪੁੱਤਰ ਅਜਰਨ ਸਿੰਘ ਵਾਸੀ ਲਖਣਪੁਰ ਤਹਿਸੀਲ ਸਮਰਾਲਾ ਜ਼ਿਲ੍ਹਾ ਲੁਧਿਆਣਾ ਵਾਲਾ ਹੈ ਜੀ...।''[33]

ਉਪਰੋਕਤ ਮੋਟਿਫ਼ ਵਾਸਤਵਿਕਤਾ ਦਾ ਭਰਮ ਉਪਜਾਉਂਦੇ ਹੋਏ ਵਸਤੂ-ਪ੍ਰੇਰਕ ਦਾ ਕੰਮ ਕਰਦੇ ਹਨ ਜੋ ਪਾਠਕ ਨੂੰ ਗਲਪੀ ਵਰਤਮਾਨ ਵਿੱਚ ਪੂਰੀ ਤਰ੍ਹਾਂ ਮਸਤ ਕਰ ਦਿੰਦੇ ਹਨ ਪਾਠਕ ਨੂੰ ਭਰਮ ਇਹ ਪੈਂਦਾ ਹੈ ਕਿ ਜੋ ਕੁਝ ਵੀ ਪੇਸ਼ ਹੋ ਰਿਹਾ ਹੈ ਉਸਦੇ ਵਰਤਮਾਨ ਵਿੱਚ ਵਾਪਰ ਰਿਹਾ ਹੈ । ਸੁਖਜੀਤ ਇਕ ਨਿਪੁੰਨ ਕਹਾਣੀਕਾਰ ਵਾਂਗ ਕਹਾਣੀ ਵਿੱਚ ਕਲਪੇ ਹੋਏ ਪਾਤਰਾਂ ਨੂੰ ਵਸਤੂ ਯਥਾਰਥ ਦੇ ਆਧਾਰ 'ਤੇ ਸੁਭਾਵਿਕ ਰੂਪ ਵਿੱਚ ਇਸ ਤਰ੍ਹਾਂ ਉਸਾਰਦਾ ਹੈ ਕਿ ਪਾਠਕਾਂ ਨੂੰ ਕਹਾਣੀ ਵਿਚਲੇ ਪਾਤਰ ਆਪਣੇ ਸਾਹਮਣੇ ਜਿਉਂਦੇ-ਜਾਗਦੇ ਪ੍ਰਤੀਤ ਹੁੰਦੇ ਹਨ । ਇਸ ਸੰਬੰਧੀ ਉਨ੍ਹਾਂ ਦੀ ਆਪਣੀ ਧਾਰਨਾ ਹੈ ਕਿ ਸਭ ਪਾਤਰ ਮੇਰੇ ਜਾਣੇ ਪਛਾਣੇ ਨੇ । ਹੱਡ ਮਾਸ ਦੇ । ਮੂੰਹ ਜ਼ੋਰ । ਇਹ ਕੋਈ ਮੋਮ ਦੇ ਘੜੇ ਹੋਏ ਪਾਤਰ ਨਹੀਂ ਕਿ ਮੈਂ ਜਿਵੇਂ ਚਾਹਾਂ ਕਰਵਾਈ ਜਾਵਾਂ ।[34] ਇਸ ਤੋਂ ਅਗੇ ਪੇਸ਼ ਹੋਏ ਮੋਟਿਫ਼ ਹਨ –

> ਪਾਤਸ਼ਾਹ ਦੀ ਪੂਰੀ ਦਹਿਸ਼ਤ ਸੀ ਇਸ ਇਲਾਕੇ ਵਿੱਚ, ਪਤਾ ਨਹੀਂ ਕਿੰਨੀਆਂ ਮਿੱਥਾਂ ਤੇ ਅਫਵਾਹਾਂ ਫੈਲਾਂ ਦਿੱਤੀਆਂ ਸਨ ਉਸ ਬਾਰੇ ਉਸਦੇ ਸ਼ਰਧਾਲੂਆਂ ਨੇ ਕਿ ਉਸਦੇ ਵੱਲ ਸਿੱਧਾ ਨਹੀਂ ਵੇਖ ਸਕਦਾ ਕੋਈ...। ਵੱਡੇ-ਵੱਡੇ ਨਾਢੂ ਖਾਂ ਸਾਹਵੇਂ ਹੁੰਦਿਆਂ ਈ ਚਰਨਾਂ ਤੇ ਢਹਿ ਪੈਂਦੇ ਨੇ... ਕਿ ਜੇ ਕਿਸੇ ਤੇ ਮਿਹਰ ਦੀ ਨਿਗ੍ਹਾ ਕਰ ਦੇਵੇ, ਤਾਂ ਵਾਰੇ ਨਿਆਰੇ ... ਜੇ ਰੱਬ ਨਾ ਕਰੇ ... ਕਿਤੇ ਕ੍ਰੋਧ ਆ ਜਾਵੇ ... ਖੁਸ਼ੀਆਂ ਬਖਸ਼ ਦੇਵੇ... ਭਸਮ... ਬੱਸ ਸਭ ਖਤਮ ਹੋ ਜਾਂਦੈ...।[35]

ਕਹਾਣੀ ਵਿਚ ਪੇਸ਼ ਹੋਏ ਉਪਰੋਕਤ ਮੋਟਿਫ਼ ਇਹ ਪ੍ਰਭਾਵ ਸਪੱਸ਼ਟ ਕਰਦੇ ਹਨ ਕਿ ਅਖੌਤੀ ਬਾਬਿਆਂ ਦੀਆਂ ਕਾਲੀਆਂ ਕਰਤੂਤਾਂ, ਝੂਠੀਆਂ ਮਿੱਥਾਂ, ਅਫ਼ਵਾਹਾਂ, ਦਾਨ ਪੁੰਨ, ਤਪੱਸਿਆ, ਪੂਜਾ ਭਗਤੀ, ਭੇਟਾ, ਚੌਕੀਆਂ, ਚਮਤਕਾਰਾਂ, ਅੰਧ ਵਿਸ਼ਵਾਸਾਂ ਆਦਿ ਵਿੱਚ ਫਸੇ ਭੋਲੇ ਭਾਲੇ ਲਾਈ ਲੱਗ ਲੋਕ ਕਿਸ ਤਰ੍ਹਾਂ ਭੇਖੀ ਬਾਬਿਆਂ ਦੀ ਝੂਠੀ ਮਹਿਮਾਂ ਦੀ ਰੱਜ ਕੇ ਤਾਰੀਫ਼ ਕਰਦੇ ਹੋਏ ਖੰਬਾਂ ਦੀਆਂ ਡਾਰਾਂ ਬਣਾ ਕੇ ਆਪਣੇ ਆਲੇ ਦੁਆਲੇ ਝੂਠੀਆਂ ਅਫ਼ਵਾਹਾਂ ਨੂੰ ਫਲਾਉਂਦੇ ਢੌਂਗੀ ਬਾਬਿਆਂ ਦਾ ਪ੍ਰਚਾਰ ਕਰਦੇ ਹਨ । ਲੋਕਾਂ ਵੱਲੋਂ ਕੀਤੀ ਗਈ ਮੁਫ਼ਤ ਦੀ ਇਹ ਐਡਵਰਟਾਈਜ਼ਮੈਂਟ ਸਵਾਰਥੀ ਬਾਬਿਆਂ ਦੀ ਦਿਨਾਂ ਵਿੱਚ ਹੀ ਬੱਲੇ ਬੱਲੇ ਕਰਵਾ ਦਿੰਦੀ ਹੈ । ਜਦੋਂ

ਇਸ ਤਰ੍ਹਾਂ ਦੀਆਂ ਝੂਠੀਆਂ ਅਫ਼ਵਾਹਾਂ ਫੈਲ ਜਾਂਦੀਆਂ ਹਨ ਤਾਂ ਵਾਸਤਵਿਕ ਸੱਚਾਈ ਅਤੇ ਬਾਬਿਆਂ ਦੇ ਕਾਲੇ ਕਾਰਨਾਮਿਆਂ ਤੋਂ ਅਣਜਾਣ ਬਹੁਤੇ ਅੰਧ ਵਿਸ਼ਵਾਸੀ ਲੋਕ ਘਰੇਲੂ ਸਮੱਸਿਆਵਾਂ, ਆਰਥਕ ਮੰਦਹਾਲੀ ਤੇ ਨਿਘਰ ਰਹੀ ਮਾਨਸਿਕਤਾ ਦੇ ਬਚਾਅ ਲਈ ਇਨ੍ਹਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਫਸ ਜਾਂਦੇ ਹਨ । ਜਦੋਂ ਬਾਬਿਆਂ ਪ੍ਰਤੀ ਫੈਲੀਆਂ ਇਸ ਤਰ੍ਹਾਂ ਦੀਆਂ ਝੂਠੀਆਂ ਅਫ਼ਵਾਹਾਂ ਦੀ ਕੋਈ ਪੁਛ ਪੜਤਾਲ ਕਰਨ ਵਾਲਾ ਨਹੀਂ ਹੁੰਦਾ ਤਾਂ ਇਨ੍ਹਾਂ ਬਾਬਿਆਂ ਦੇ ਹੌਸਲੇ ਹੋਰ ਵਧ ਜਾਂਦੇ ਹਨ । ਜਿਸ ਸਦਕਾ ਅਖੌਤੀ ਬਾਬੇ ਸਹਿਜੇ ਹੀ ਧਰਮ ਦੇ ਨਾਮ ਉੱਪਰ ਲੋਕਾਂ ਦੀ ਅੰਨੀ ਸਰਧਾ ਦੇ ਬਦੌਲਤ ਭੋਲੀ ਭਾਲੀ ਜਨਤਾ ਨੂੰ ਗੁਮਰਾਹ ਕਰਦੇ ਹੋਏ ਉਨ੍ਹਾਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਹਨ । ਸੋ ਉਪਰੋਕਤ ਮੋਟਿਫ਼ਾਂ ਵਿੱਚ ਅਖੌਤੀ ਬਾਬਿਆਂ ਦੇ ਢੌਂਗੀ ਚਰਿੱਤਰ ਦਾ ਥੀਮ ਪਿਆ ਹੋਇਆ ਹੈ । ਜੋ ਕਹਾਣੀ ਬਿਰਤਾਂਤ ਵਿੱਚ ਅਹਿਮ ਅਤੇ ਮਹੱਤਵਪੂਰਨ ਰੋਲ ਨਿਭਾਉਂਦਾ ਹੋਇਆ ਵਿਕਾਸ ਕਰਦਾ ਹੈ । ਇਸ ਤੋਂ ਅਗਾਂਹ ਕਹਾਣੀ ਬਿਰਤਾਂਤ ਵਿੱਚ ਅਗਲਾ ਵੇਰਵਾ ਸੇਵਕਾਂ ਵਲੋਂ ਮਾਸਟਰ ਅਜੈਬ ਸਿੰਘ ਨੂੰ ਬਾਬਾ ਦਿਆ ਸਿੰਘ ਕੋਲ ਲਿਜਾਣ ਦਾ ਹੈ,

- ਉਸਨੂੰ ਨਾਲ ਲੈ ਕੇ ਆਇਆ ਸੇਵਕ ਬੋਲਿਆ ਸੀ, ''ਬਾਬਾ ਦਿਆ ਸਿੰਘ ਜੀ ਇਹ ਲਖਣਪੁਰ ਤੋਂ ਆ... ਕਿਸੇ ਅਮਰ ਸਿੰਘ ਨੂੰ ਮਿਲਣਾ ਚਾਹੁੰਦੈ... ਆਹਦਾ ਏਹਦਾ ਪਿਓ ਏ... ਉਹ...।'' ਸੱਪ ਦੀਆਂ ਅੱਖਾਂ ਵਾਲੇ ਪ੍ਰਬੰਧਕ ਬਾਬਾ ਦਿਆ ਸਿੰਘ ਨੇ ਜਦੋਂ ਬਿਨਾਂ ਝਪਕੇ ਅੱਖਾਂ ਏਧਰ-ਓਧਰ ਫੇਰੀਆਂ ਤਾਂ ਅਜੈਬ ਸਿੰਘ ਨੇ ਇਕ ਪਲ ਸੁੱਖ ਦਾ ਸਾਹ ਲਿਆ ਕਿ ਚਲੋ ਇਹ ਪਾਤਸ਼ਾਹ ਤਾਂ ਨਈਂ...।[36]
- ਜਦੋਂ ਉਹ ਸੱਪ ਅੱਖਾਂ ਪ੍ਰਬੰਧਕ ਬੋਲਿਆ ਤਾਂ ਅਜੈਬ ਸਿੰਘ ਨੇ ਹੈਰਾਨੀ ਨਾਲ ਉਹਦੇ ਵੱਲ ਵੇਖਿਆ ... । ਬਾਬਾ ਦਿਆ ਸਿੰਘ ਕਹਿ ਰਿਹਾ ਸੀ, ''ਵਾਹ ਜੀ ਵਾਹ... ਧੰਨ ਭਾਗ... ਤੁਸੀਂ ਬਾਪੂ ਅਮਰ ਸਿੰਘ ਜੀ ਦੇ ਸੈਹਬਜ਼ਾਏ ਓ...ਆਓ...ਜੀ ਆਇਆਂ ਨੂੰ...ਅੱਜ ਤਾਂ ਪਾਅਸ਼ਾਹ ਆਪ ਵੱਸਿਆ ਏ ਤੁਹਾਡੇ ਅੰਦਰ...ਆਓ, ਏਥੇ ਮੇਰੇ ਕੋਲ ਬੈਠੋ...।''[37]
- ਬਾਬਾ ਦਿਆ ਸਿੰਘ ਨੇ ਫਿਰ ਕਿਹਾ ਸੀ, ''ਬਾਪੂ ਅਮਰ ਸਿੰਘ ਹੋਰਾਂ ਦਾ ਕੀ ਲੇਖਾ ਜੀ...ਇਹੋ ਜਿਹੀ ਆਤਮਾ ਤੇ ਕਦੇ ਈ ਆਉਂਦੀ ਏ ਸੰਸਾਰ ਤੇ...ਉਹ ਤੁਹਾਡੇ ਈ ਨਹੀਂ, ਸਾਡੇ ਵੀ ਬਾਪੂ ਜੀ ਨੇ...।'' ਅਜੈਬ ਸਿੰਘ ਦੇ ਦਿਲ ਨੂੰ ਢਾਰਸ ਮਿਲਣ ਲੱਗੀ ਸੀ, ਉਸਨੂੰ ਯਕੀਨ ਹੋ ਗਿਆ ਸੀ ਏਥੇ ਉਸਨੂੰ ਨਿਆਂ ਮਿਲੇਗਾ ।[38]
- ਅਜੈਬ ਸਿੰਘ ਠੀਕ ਹੋ ਕੇ ਬਹਿ ਗਿਆ ਸੀ ਨਰਮ ਗਦੈਲੇ 'ਤੇ । ਨਰਮ ਨਰਮ ਬੋਲਾਂ ਨੇ ਉਹਦੀ ਚਿੰਤਾ ਦੂਰ ਕਰ ਦਿੱਤੀ ਸੀ । ਉਸਨੇ ਸੋਚਿਆ ਸੀ ਕਿ ਹੁਣ ਜਦੋਂ ਡੇਰੇ ਦੇ ਏਡੇ ਵੱਡੇ ਪ੍ਰਬੰਧਕ ਨੇ ਉਹਦੇ ਪਿਓ ਨੂੰ ਆਪਣਾ ਪਿਓ ਆਖ ਦਿੱਤੈ, ਫਿਰ ਚਿੰਤਾ ਕਾਹਦੀ...। ਪਰ ਉਹ ਨਹੀਂ ਸੀ ਜਾਣਦਾ ਕਿ ਲੋੜ ਵੇਲੇ ਤਾਂ ਇਹ ਲੋਕ...।[39]

ਉਪਰੋਕਤ ਮੋਟਿਫ਼ਾਂ ਦੇ ਸਾਧਾਰਣ ਤੇ ਪ੍ਰਤੱਖ ਦੁਹਰਾਉ ਨੂੰ ਅਸੀਂ 'ਦੁਹਰਾਓ ਲੇਬਲ' ਦਾ ਨਾਮ ਦੇ ਸਕਦੇ ਹਾਂ । ਇਹ ਇਕ ਸੰਕੇਤ, ਇਕ ਲਫ਼ਜ਼ ਜਾਂ ਇਕ ਕਥਨ ਵੀ ਹੋ ਸਕਦਾ ਹੈ । ਜੋ ਪਾਤਰ ਦੀ ਕਿਸੇ ਵਿਸ਼ੇਸ਼ ਖਾਸੀਅਤ ਨੂੰ ਪ੍ਰਗਟਾਉਣ ਲਈ ਇਸਤੇਮਾਲ ਕੀਤਾ ਜਾਂਦਾ ਹੈ ।[40] ਇਥੇ ਬਾਬਾ ਦਿਆ ਸਿੰਘ ਦੇ ''ਮੂਹੋਂ ਰਾਮ ਰਾਮ ਬਗਲ ਵਿੱਚ ਛੁਰੀ'' ਦੇ ਵਿਅੰਗਆਤਮਕ ਮਿੱਠਾ ਬੋਲਣ ਦੀ ਖਾਸ਼ੀਅਤ ਨੂੰ ਪ੍ਰਗਟਾਇਆ ਗਿਆ ਹੈ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

> ''ਦੱਸੋ ਕਿਵੇਂ ਦਰਸ਼ਨ ਦਿੱਤੇ..?''''ਜੀ ਬਾਪੂ ਜੀ ਨੂੰ ਮਿਲਣਾ ਸੀ...।''
>
> ਪਰ ਉਹਦੇ ਬੋਲਾਂ ਨਾਲ ਦਿਆ ਸਿੰਘ ਜ਼ਰਾ ਕੁ ਤ੍ਰਭਕਿਆ, ਸ਼ਰਾਬ ਦੀ ਬੋਅ ਨਾਲ ਉਸਨੇ ਨੱਕ ਵੱਟਿਆ, ਥੋੜ੍ਹਾ ਪਿਛੇ ਹਟਿਆ, ਉਸਦੀਆਂ ਅੱਖਾਂ ਅਜੈਬ ਸਿੰਘ 'ਤੇ ਗੱਡੀਆਂ ਗਈਆਂ । ਬਾਬਾ ਦਿਆ ਸਿੰਘ ਦਾ ਸ਼ਾਤਰ ਦਿਮਾਗ ਇਸੇ ਪਲ ਕਿੰਨੇ ਹੀ ਮਨਸੂਬੇ ਘੜ ਗਿਆ ਸੀ ।
>
> ''ਤੁਸੀਂ ਏਥੇ ਹੀ ਸਜੋ, ਦੁੱਧ ਛਕੋ, ਮੈਂ ਭੇਜਦਾਂ ਕਿਸੇ ਨੂੰ ਬਾਪੂ ਜੀ ਵੱਲ...।''[41]

ਇਸ ਤੋਂ ਪਹਿਲਾਂ ਕਹਾਣੀ ਬਿਰਤਾਂਤ ਵਿੱਚ ਰਚਨਾ-ਪ੍ਰੇਰਕ ਦੇ ਤੌਰ ਤੇ ਵਰਤੇ ਗਏ ਮਾਸਟਰ ਅਜੈਬ ਸਿੰਘ ਦੇ ਸਾਥੀ ਅਧਿਆਪਕ ਦੀ ਪਾਰਟੀ ਵਿੱਚ ਸ਼ਰਾਬ ਪੀਣ ਦੇ ਮੋਟਿਫ਼ ਇਥੇ ਪਹੁੰਚਕੇ ਕਹਾਣੀ ਸੰਰਚਨਾ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹੋਏ ਕਹਾਣੀ ਨੂੰ ਵਰਤਮਾਨ-ਬਿੰਦੂ ਤੇ ਲਿਆਉਣ ਲਈ ਵਰਤੇ ਗਏ ਹਨ । ਜੋ ਮਾਸਟਰ ਅਜੈਬ ਸਿੰਘ ਨੂੰ ਬਾਬਾ ਦਿਆ ਸਿੰਘ ਵਲੋਂ ਸੰਗਲ ਨਾਲ ਬੰਨਣ ਲਈ ਅਨੇਕਾਂ ਮਨਸੂਬੇ ਘੜਨ ਦਾ ਕਾਰਣ ਬਣਦੇ ਹਨ । ਪਰ ਬਾਬਾ ਦਿਆ ਸਿੰਘ ਕਿਹੜੇ ਮਨਸੂਬੇ ਘੜਦਾ ਹੈ ਇਸ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ । ਇਸ ਬਾਰੇ ਜਾਣਕਾਰੀ ਸਾਨੂੰ ਅਗਾਂਹ ਬਿਖਰੀਆਂ ਟੁਕੜੀਆਂ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲੇਗੀ । ਇਸ ਤੋਂ ਅਗੇ ਕਹਾਣੀਕਾਰ ਨੇ ਕਹਾਣੀ ਦੀ ਤੋਰ ਨੂੰ ਮਠਾਰਨ ਲਈ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਕਹਾਣੀ ਬਿਰਤਾਂਤ ਨੂੰ ਰੋਕ ਲਿਆ ਹੈ । ਬਾਬਾ ਦਿਆ ਸਿੰਘ ਦੇ ਕਮਰੇ ਦਾ ਦ੍ਰਿਸ ਵਰਣਨ ਕਰਨ ਵਾਲੇ ਮੋਟਿਫ਼ ਖੁੱਲ੍ਹੇ ਮੋਟਿਫ਼ਾਂ ਦੇ ਅੰਤਰਗਤ ਆਉਂਦੇ ਹਨ ਜਿਨ੍ਹਾਂ ਨੂੰ ਕਹਾਣੀ ਬਿਰਤਾਂਤ ਵਿੱਚੋਂ ਸੌਖਿਆਂ ਹੀ ਬਾਹਰ ਕੱਢਿਆ ਜਾ ਸਕਦਾ ਹੈ । ਪਰ ਕਹਾਣੀ ਵਿੱਚ ਇਨ੍ਹਾਂ ਦੀ ਸਾਰਥਕਤਾ ਨੂੰ ਇਨਕਾਰਿਆ ਵੀ ਨਹੀਂ ਜਾ ਸਕਦਾ । ਇਸ ਤੋਂ ਬਾਅਦ ਬਾਬਾ ਦਿਆ ਸਿੰਘ ਵਲੋਂ ਵਾਪਸ ਕਮਰੇ ਵਿੱਚ ਆਉਣ ਦੇ ਮੋਟਿਫ਼, ਕੁਝ ਚਿਰ ਬਾਅਦ ਤਿੰਨ ਚਾਰ ਨਵੀਂ ਉਮਰ ਦੇ ਮੁੰਡਿਆਂ ਵਲੋਂ ਕਮਰੇ ਵਿੱਚ ਆਉਣ ਦੇ ਗਤੀਸ਼ੀਲ ਮੋਟਿਫ਼ ਹੌਲੀ ਹੌਲੀ ਬਿਖਰੀਆਂ ਟੁਕੜੀਆਂ ਵਿੱਚ ਮਾਸਟਰ ਅਜੈਬ ਸਿੰਘ ਨੂੰ ਆਪਣੇ ਬਾਪੂ ਨਾਲ ਮਿਲਣ ਤੋਂ ਰੋਕਣ ਲਈ ਬਾਬਾ ਦਿਆ ਸਿੰਘ ਵਲੋਂ ਘੜੇ ਗਏ ਮਨਸੂਬਿਆਂ ਬਾਰੇ ਵਿਗੋਪਨ ਸਪੱਸ਼ਟ ਕਰਦੇ ਹੋਏ ਵਿਕਾਸ ਕਰਦੇ ਹਲ, ਜਿਸ ਤਰ੍ਹਾਂ ਅਸੀਂ ਕਹਾਣੀ ਵਿਚ ਦੇਖਦੇ ਹਾਂ –

- ਪਹਿਲੇ ਨੇ ਕਿਹਾ ਸੀ, ''ਬਾਬਾ ਜੀ... ਬਾਪੂ ਅਮਰ ਸਿੰਘ ਬਹੁਤ ਗੁੱਸੇ 'ਚ ਨੇ... ਉਹ ਕਹਿੰਦੇ ਨੇ... ਏਹ ਕੰਜਰ ਦਾਰੂ ਪੀ ਕੇ ਉਨ੍ਹਾਂ ਦੀ ਦਾਹੜੀ ਪੁੱਟ ਦਿੰਦਾ ਸੀ... ਉਹ ਕਹਿੰਦੇ ਨੇ ਮੈਂ ਏਹਦੇ ਮੱਥੇ ਨਹੀਂ ਲੱਗਣਾ...।'' ਮੁੰਡਾ ਇਉਂ ਬੋਲ ਰਿਹਾ ਸੀ ਜਿਵੇਂ ਸਭ ਕੁਝ ਰਟਿਆ ਹੋਵੇ । ਅਜੈਬ ਸਿੰਘ ਸੁੰਨ ਹੁੰਦਾ ਜਾ ਰਿਹਾ ਸੀ ਤਦੇ ਬਾਬਾ ਦਿਆ ਸਿੰਘ ਦੇ ਬੋਲਾਂ ਨਾਲ ਉਸਨੂੰ ਕੁਝ ਆਸਰਾ ਮਿਲਿਆ ਸੀ, ''ਨਹੀਂ... ਨਹੀਂ... ਇਹ ਕਿਵੇਂ ਹੋ ਸਕਦਾ... ਇਹ ਤਾਂ ਬੜੇ ਸੱਜਣ ਪੁਰਸ਼ ਨੇ...।''[42]
- ਅਜੈਬ ਸਿੰਘ ਨੇ ਵੀ ਸਹਿਮਤੀ 'ਚ ਸਿਰ ਹਿਲਾਇਆ ਸੀ ਪਰ ਮੁੰਡਾ ਕਦੋਂ ਮੰਨਣ ਵਾਲਾ ਸੀ, ਉਹ ਫਿਰ ਬੋਲਿਆ ਸੀ ਟੇਪ ਰਿਕਾਰਡ ਵਾਂਗੂੰ, ''ਜੀ ਉਹ ਕਹਿੰਦੇ ਨੇ... ਏਸ ਪਾਪੀ ਦੀ ਹੁਣ ਵੀ ਸ਼ਰਾਬ ਪੀਤੀ ਹੋਊ... ਭਾਵੇਂ ਸੁੰਘ ਕੇ ਵੇਖ ਲਓ...।''
- ਦੂਜੇ ਅੱਗੇ ਵਧੇ ਸਨ ਤਾਂ ਬਾਬਾ ਦਿਆ ਸਿੰਘ ਬੋਲਿਆ ਸੀ, ''ਜੀਅ ਸਦਕੇ ਦੇਖੋ... ਇਹ ਪੜ੍ਹੇ ਲਿਖੇ ਗੁਰਮੁਖ ਪਿਆਰੇ ਨੇ... ਸ਼ਰਾਬ ਪੀ ਕੇ ਡੇਰੇ ਵਿੱਚ ਕਿਵੇਂ ਆ ਸਕਦੇ ਨੇ...।[43]
- ਉਦੋਂ ਹੀ ਮੁੰਡਿਆਂ ਹੁਕਮ ਚਾੜ੍ਹ ਦਿੱਤਾ, ''ਮੂੰਹ ਖੋਲ੍ਹ... ਸਾਹ ਲੈ...।'' ਤੇ ਫਿਰ ਉਹ ਇਕੱਠੇ ਹੀ ਚੀਖੇ ਸਨ, ''ਪੀਤੀ ਏ ਜੀ... ਏਹਨੇ ਦਾਰੂ ਪੀਤੀ ਏ...।'' ...''ਓ... ਹੋਅ...।'' ਬਾਬਾ ਦਿਆ ਸਿੰਘ ਨੇ ਮੱਥੇ ਵਿੱਚ ਹੱਥ ਮਾਰਿਆ, ''ਤੁਹਾਡੇ ਕੋਲੋਂ ਇਹ ਆਸ ਨਹੀ ਸੀ ਗੁਰਮੁੱਖ ਪਿਆਰਿਓ...।''[44]
- ਉਸ ਪਿੱਛੋਂ ਅਜੈਬ ਸਿੰਘ ਦੀ ਪੱਗ ਲੱਥ ਗਈ, ਦਾਹੜੀ ਖਿਲਰ ਗਈ, ਮੁੰਡਿਆਂ ਦੇ ਹੱਥ ਇੰਜ ਤੇਜ਼ੀ ਨਾਲ ਚੱਲੇ ਸਨ ਕਿ ਬਾਬਾ ਦਿਆ ਸਿੰਘ ਕੀ ਕਹਿ ਰਿਹਾ ਹੈ, ਅਜੈਬ ਸਿੰਘ ਨੂੰ ਕੁਝ ਨਹੀਂ ਸੁਣ ਰਿਹਾ । ਹਾਂ ਮੁੰਡੇ ਜਦੋਂ ਉਸਨੂੰ ਧੂਹ ਕੇ ਲਿਜਾਣ ਲੱਗੇ ਸਨ ਤਾਂ ਦੋ ਗੱਲਾਂ ਸੁਣੀਆਂ ਸਨ । ਇਕ ਤਾਂ ਉਸੇ ਮੁੰਡੇ ਨੇ ਕਹੀ ਸੀ, ''ਜੀ ਉਹ ਕਹਿੰਦੇ ਨੇ ਇਹ ਦੁਸ਼ਟ ਸ਼ਰਾਬ ਪੀ ਕੇ ਟੱਬਰ ਨੂੰ ਤੰਗ ਕਰਦੈ, ਇਸ ਨੂੰ ਇਥੇ ਹੀ ਸੰਗਲ ਲਾ ਦਿਓ...।''
- ਦੂਜੀ ਬਾਬਾ ਦਿਆ ਸਿੰਘ ਨੇ ਕਹੀ ਸੀ, ''ਠੀਕ ਐ ਭਾਈ, ਲੈ ਜਾਓ ਇਸਨੂੰ... ਲਾ ਦਿਓ ਸੰਗਲ... ।[45]

ਉਪਰੋਕਤ ਮੋਟਿਫ਼ ਜਿਥੇ ਬਾਬਾ ਦਿਆ ਸਿੰਘ ਵਲੋਂ ਮਾਸਟਰ ਅਜੈਬ ਸਿੰਘ ਨੂੰ ਆਪਣੇ ਬਾਪੂ ਨਾਲ ਮਿਲਣ ਤੋਂ ਰੋਕਣ ਲਈ ਸੰਗਲ ਨਾਲ ਬੰਨ੍ਹਣ ਲਈ ਘੜੇ ਗਏ ਮਨਸੂਬਿਆਂ ਦੇ ਕਾਰਨਾਂ ਨੂੰ ਹੌਲੀ ਹੌਲੀ 'ਵਿਲੰਬਤ ਵਿਗੋਪਨ' ਵਜੋਂ ਸਪੱਸ਼ਟ ਕਰਦੇ ਹਨ । ਉਥੇ ਇਸ ਨੂੰ ਅਸੀ ਗਾਲਪਨਿਕ ਮੋਟਿਫ਼ ਦੇ ਤੌਰ ਉੱਤੇ ਵੀ ਪਛਾਣ ਸਕਦੇ ਹਾਂ ਕਿਉਂਕਿ ਇਸ ਵਿੱਚੋਂ ਕਈ ਰੀਮਾਂ ਦੇ ਨਿਕਲਣ ਦੀ ਸੰਭਾਵਨਾ ਬਣੀ ਰਹਿੰਦੀ ਹੈ । ਹੋ ਸਕਦਾ ਹੈ ਕਿ ਮਾਸਟਰ ਅਜੈਬ ਸਿੰਘ ਉਨ੍ਹਾਂ ਕੋਲੋਂ ਛੁੱਟ ਕੇ ਭੱਜ ਜਾਵੇ, ਇਹ ਵੀ ਹੋ ਸਕਦਾ ਹੈ ਕਿ

ਮੁੰਡੇ ਉਸ 'ਤੇ ਤਰਸ ਖਾਕੇ ਉਸਨੂੰ ਸੰਗਲ ਨਾਲ ਨਾ ਬੰਨ੍ਹਣ, ਇਹ ਵੀ ਹੋ ਸਕਦਾ ਹੈ ਕਿ ਉਹ ਉਸਨੂੰ ਬਾਪੂ ਨਾਲ ਮਿਲਾ ਦੇਣ । ਇਹ ਸਾਰੀਆਂ ਸੰਭਾਵਨਾਵਾਂ ਪਾਠਕ ਦੇ ਮਨ ਵਿੱਚ ਘੁੰਮ ਰਹੀਆਂ ਹਨ ਪਰ ਕਹਾਣੀਕਾਰ ਖ਼ੁਦ ਹੀ ਕਹਾਣੀ ਦੇ ਸ਼ੁਰੂ ਵਿੱਚ 'ਫ਼ੌਰੀ ਵਿਗੋਪਨ' ਦੇ ਅੰਤਰਗਤ ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਨੂੜਿਆ ਹੋਇਆ ਪੇਸ਼ ਕਰਕੇ ਸਭ ਸੰਭਾਵਨਾਵਾਂ ਖ਼ਤਮ ਕਰ ਦਿੰਦਾ ਹੈ । ਉਪਰੋਕਤ ਮੋਟਿਫ਼ਾਂ ਨੂੰ ਅਸੀਂ ਮੋਟਿਫ਼-ਕੰਨਫ਼ਿਗੁਰੇਸ਼ਨ ਅਧੀਨ ਵੀ ਵਿਚਾਰ ਸਕਦੇ ਹਾਂ । ਇਸ ਇਕਾਈ ਦੇ ਅੰਤਰਗਤ ਦੋ ਜਾਂ ਦੋ ਤੋਂ ਵਧੇਰੇ ਮੋਟਿਫ਼ਾਂ ਦਾ ਅਜਿਹਾ ਸੰਗਠਨ ਹੁੰਦਾ ਹੈ ਜਿਸ ਵਿੱਚੋ ਇਕੋ ਹੀ ਭਾਵ ਨਾਲ ਸੰਬੰਧਿਤ ਭਿੰਨ ਭਿੰਨ ਮੋਟਿਫ਼ ਜੁੜੇ ਹੁੰਦੇ ਹਨ ਅਤੇ ਉਹ ਮਿਲ ਕੇ ਦਰਜੇਵਾਰ ਇਕ ਵਿਸ਼ੇਸ਼ ਰੂਪ-ਪ੍ਰਬੰਧ ਸਿਰਜਦੇ ਹਨ ।[46]

ਉਪਰੋਕਤ ਮੋਟਿਫ਼ ਇਕਾਈਆਂ ਦੀ ਮੂਲ ਭਾਵਨਾ ਬਾਬਾ ਦਿਆ ਸਿੰਘ ਵਲੋਂ ਮਾਸਟਰ ਅਜੈਬ ਸਿੰਘ ਨੂੰ ਆਪਣੇ ਬਾਪੂ ਨਾਲ ਮਿਲਣ ਤੋਂ ਰੋਕਣ ਲਈ ਸੰਗਲ ਨਾਲ ਬੰਨ੍ਹਣ ਲਈ ਘੜੇ ਗਏ ਮਨਸੂਬਿਆਂ ਨਾਲ ਸੰਬੰਧਿਤ ਹੈ, ਜੋ ਮਿਲ ਕੇ ਦਰਜੇਵਾਰ ਰੂਪ-ਪ੍ਰਬੰਧ ਸਿਰਜਦੇ ਹੋਏ ਪਾਠਕ ਦੇ ਮਨ ਅੰਦਰ ਸੰਕਾ ਪੈਦਾ ਕਰਦੇ ਹਨ ਕਿ ਬਾਬਾ ਦਿਆ ਸਿੰਘ ਮਾਸਟਰ ਅਜੈਬ ਸਿੰਘ ਨੂੰ ਆਪਣੇ ਬਾਪੂ ਨਾਲ ਮਿਲਣ ਤੋਂ ਕਿਉਂ ਰੋਕਦੇ ਹਨ ? ਉਸਨੂੰ ਸੰਗਲ ਨਾਲ ਕਿਉਂ ਬੰਨਦੇ ਹਨ ? ਇਨ੍ਹਾਂ ਸਵਾਲਾਂ ਦੇ ਜਵਾਬ ਵਾਰੇ ਪੂਰਨ ਤੌਰ ਉੱਤੇ ਵਿਗੋਪਨ ਅਜੇ ਰੋਕਿਆ ਹੋਇਆ ਹੈ ਸੋ ਅਸੀਂ ਕਹਿ ਸਕਦੇ ਹਾਂ ਕਿ ਕਹਾਣੀਕਾਰ ਕੁਝ ਵੇਰਵਿਆਂ ਨੂੰ ਖੋਲ੍ਹਦਾ, ਕੁਝ ਨੂੰ ਗੁਪਤ ਰੱਖਦਾ, ਕਾਰਜ ਦੱਸਦਾ, ਕਾਰਣ ਲਕੋਂਦਾ ਹੋਇਆ ਅਜਨਬੀਕਰਣ ਦੀ ਜੁਗਤ ਵਰਤ ਰਿਹਾ ਹੈ ਤਾਂ ਜੋ ਪਾਠਕ ਕਹਾਣੀ ਵਿੱਚਲੇ ਗੁਪਤ ਵੇਰਵਿਆਂ ਨੂੰ ਤਟਫ਼ਟ ਹੀ ਨਾ ਜਾਣ ਜਾਵੇ ਸਗੋਂ ਕੁਝ ਵਕਤ ਭੁਲ ਕੇ ਹੌਲੇ ਹੌਲੇ ਸਮੂਰਤ ਰੂਪ ਵਿੱਚ ਵਾਪਰਦੇ ਹੋਇਆ ਵੀ ਵੇਖ ਲਵੇ । ਇਸ ਤੋਂ ਅਗਾਂਹ ਕਹਾਣੀ ਵਿੱਚ ਪੇਸ਼ ਹੋਏ ਮੋਟਿਫ਼ ਹਨ-

> ਰਾਤ ਜਦੋਂ ਮੁੰਡੇ ਉਹਨੂੰ ਗਾਲਾਂ ਕੱਢਦੇ ਕੁੱਟਦੇ ਮਾਰਦੇ ਸੰਗਲ ਨਾਲ ਬੰਨ੍ਹ ਰਹੇ ਸਨ ਤਾਂ ਉਸਨੂੰ ਲੱਗਿਆ ਸੀ ਕਿ ਗੱਲ ਸਿਰਫ਼ ਉਸਦੇ ਸ਼ਰਾਬ ਪੀਣ ਦੀ ਨਹੀਂ, ਅਸਲ ਗੱਲ ਵਿਚੋਂ ਕੋਈ ਹੋਰ ਐ... । ਬਾਬਾ ਦਿਆ ਸਿੰਘ ਕੋਲ ਬੈਠਾ ਜਿਵੇਂ ਉਹ ਖੁਦ ਨੂੰ ਦੋਸ਼ੀ ਮਹਿਸੂਸ ਕਰ ਰਿਹਾ ਸੀ, ਹੁਣ ਉਹ ਉਵੇਂ ਨਹੀਂ ਸੀ ਸੋਚਦਾ, ਬੀਰੇ ਪੁੱਤ ਦੀ ਆਖੀ ਇਕ-ਇਕ ਗੱਲ ਯਾਦ ਆ ਰਹੀ ਸੀ ।[47]

ਅਤੀਤ ਨਾਲ ਜੁੜੇ ਪਿੱਛਲਝਾਤ ਦੀ ਜੁਗਤ ਦੇ ਉਪਰੋਕਤ ਮੋਟਿਫ਼ ਜਿਥੇ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹਨ ਉਥੇ ਮਾਸਟਰ ਅਜੈਬ ਸਿੰਘ ਨੂੰ ਪ੍ਰਬੰਧਕਾਂ ਵਲੋਂ ਉਸਦੇ ਬਾਪੂ ਨਾਲ ਮਿਲਣ ਤੋਂ ਰੋਕਣ ਲਈ ਸੰਗਲ ਨਾਲ ਬੰਨ੍ਹਣ ਦੇ ਅਸਲ ਕਾਰਨਾਂ ਨੂੰ ਸੰਕੇਤਕ ਤੌਰ ਉੱਤੇ ਵਿਗੋਪਦੇ ਹੋਏ ਪਾਠਕ ਨੂੰ ਅਗਾਂਹ ਕਹਾਣੀ ਪੜ੍ਹਨ ਲਈ ਮਜ਼ਬੂਰ ਕਰਦੇ ਹਨ । ਇਸਦੇ ਨਾਲ ਹੀ ਪਿੱਛਲਝਾਤ ਦੀ ਜੁਗਤ ਵਜੋਂ ਡੇਰੇ ਅੰਦਰਲੇ

ਮੁੰਡਿਆਂ ਵਲੋਂ ਮਾਸਟਰ ਅਜੈਬ ਸਿੰਘ ਨਾਲ 'ਬਦ-ਕਲਾਮੀ' ਕਰਨ ਦੇ ਗਤੀਹੀਣ ਮੋਟਿਫ਼ ਕਹਾਣੀ ਬਿਰਤਾਂਤ ਨੂੰ ਆਸੇ ਪਾਸੇ ਖਲਾਰਦੇ ਹਨ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ਪਲ ਹੀ ਪਲ ਕੁਟੀਆ ਵਿੱਚ ਸੇਵਾ ਕਰ ਰਹੇ ਬਹੁਤੇ ਸੇਵਕ ਰੁਕ ਗਏ ਸਨ । ਅਜੈਬ ਸਿੰਘ ਨੇ ਮਹਿਸੂਸ ਕੀਤਾ ਕੋਈ ਖਾਸ ਆਦਮੀ ਸੀ । ਕਈ ਜਣੇ ਇਹਦੈ ਪੈਰੀਂ ਹੱਥ ਲਾ ਰਹੇ ਸਨ, ਕਿਤੇ ਇਨ੍ਹਾਂ ਦਾ ਪਾਤਸ਼ਾਹ ਹੀ ਨਾ ਹੋਵੇ...?...[48]

ਉਪਰੋਕਤ ਗਤੀਸ਼ੀਲ ਮੋਟਿਫ਼ ਜਿਥੇ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹਨ ਉਥੇ ਕਈ ਰੀਮਕ ਸੰਭਾਵਨਾਵਾਂ ਨੂੰ ਵੀ ਸਿਰਜੇ ਹਨ ਕਿ -

- ਹੋ ਸਕਦਾ ਕੁਟੀਆ ਵਿੱਚ ਆ ਰਿਹਾ ਆਦਮੀ ਪਾਤਸ਼ਾਹ ਹੋਵੇ,
- ਇਹ ਵੀ ਹੋ ਸਕਦਾ ਕਿ ਉਹ ਆਦਮੀ ਪਾਤਸ਼ਾਹ ਦਾ ਕੋਈ ਸੇਵਕ ਹੋਵੇ ।

ਕਹਾਣੀਕਾਰ ਦੂਜੀ ਰੀਮਕ ਸੰਭਾਵਨਾ ਨੂੰ ਚੁਣਕੇ ਕਹਾਣੀ ਵਿਕਾਸ ਨੂੰ ਜਾਰੀ ਰੱਖਦਾ ਹੈ । ਜਿਸ ਤਰ੍ਹਾਂ ਕਹਾਣੀ ਬਿਰਤਾਂਤ ਵਿਚ ਲਿਖਦੇ ਹਾਂ —

> ਆਉਣ ਵਾਲੇ ਨੇ ਸੱਪ ਵਾਂਗੂੰ ਫੁੰਕਾਰਾ ਮਾਰਿਆ ਸੀ, ''ਕਿਉਂ ਲੱਥ ਗਈ ਸ਼ਰਾਬ...?'' ਪਰ ਅਜੈਬ ਸਿੰਘ ਨਹੀਂ ਸੀ ਬੋਲਿਆ, ਉਹੀ ਬੋਲਿਆ ਸੀ, ''ਗੱਲ ਸੁਣ ਲੈ ਕੰਨ ਖੋਲ੍ਹ ਕੇ, ਅਮਰ ਸਿੰਘ ਹੁਣ ਸਾਡਾ ਪਿਓ ਏ, ਜੇ ਉਹਦੇ ਨਾਲ ਉੱਚੀ ਨੀਵੀਂ ਕੀਤੀ ਨਾ ਕਦੇ...।'' ਗੱਲ ਅਧੂਰੀ ਛੱਡ ਉਹ ਕੁਟੀਆ ਵੱਲ ਤੁਰ ਗਿਆ ਸੀ ।[49]

ਉਪਰੋਕਤ ਮੋਟਿਫ਼ਾਂ ਵਿੱਚ ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨਣ ਅਤੇ ਬਾਪੂ ਨਾਲ ਮਿਲਣ ਤੋਂ ਰੋਕਣ ਦੇ ਕਾਰਨਾਂ ਬਾਰੇ ਜਾਣਕਾਰੀ ਹੌਲੀ ਹੌਲੀ ਖੰਡਿਤ ਰੂਪ ਵਿੱਚ 'ਵਿਲੰਬਤ ਵਿਗੋਪਨ' ਵਜੋਂ ਮਿਲ ਰਹੀ ਹੈ, ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

> ''...ਗੱਲ ਸੁਣ ਬੇਟਾ...।'' ਪਹਿਲੀ ਵਾਰੀ ਪਹਿਰੇ ਵਾਲੇ ਮੁੰਡੇ ਨੂੰ ਬੁਲਾਇਆ ਸੀ ਅਜੈਬ ਸਿੰਘ ਨੇ, ''ਇਹ ਪਾਤਸ਼ਾਹ ਸੀ...?''
>
> ''ਕੀ ਆਖਿਐ... ਪਾਤਸ਼ਾਹ...?'' ''ਓਏ ਜਾਹ ਓਏ, ਤੇਰੀ ਸੜ ਜਾਏ ਜੀਭ ਤੇਰੀ... ਕੀੜੇ ਪੈਣ... ਇਹਤੇ ਸਾਡਾ ਸਕਿਓਰਿਟੀ ਇੰਚਾਰਜ ਸੀ... ਕਿਥੇ ਪਾਅਸ਼ਾਹ ਤੇ ਕਿਥੇ... ?''[50]

ਇਹ ਗਤੀਸ਼ੀਲ ਮੋਟਿਫ਼ ਉਪਰੋਕਤ ਪੈਦਾ ਹੋਈਆਂ ਰੀਮਕ ਸੰਭਾਵਨਾਵਾਂ ਵਿੱਚੋਂ ਕਹਾਣੀਕਾਰ ਦੀ ਚੁਣੀ ਹੋਈ ਦੂਸਰੀ ਰੀਮਕ ਸੰਭਾਵਨਾ ਦੀ ਗਵਾਹੀ ਭਰਦੇ ਹੋਏ ਵਿਕਾਸ ਕਰਦੇ ਹਨ । ਇਸਦੇ ਨਾਲ ਹੀ ਕੁਟੀਆ ਵਿੱਚ ਰਹਿੰਦੇ ਮੁੰਡਿਆਂ ਵਲੋਂ ਮਾਸਟਰ ਅਜੈਬ ਸਿੰਘ ਨਾਲ ਬਦਕਲਾਮੀ ਕਰਨ ਦੇ ਖੁੱਲ੍ਹੇ ਮੋਟਿਫ਼ ਦੁਬਾਰਾ ਫੇਰ ਪੇਸ਼ ਹੋਏ ਹਨ ਜੋ ਕਹਾਣੀ ਸੰਗਠਨ ਵਿੱਚ ਕੋਈ ਅਹਿਮ ਰੋਲ ਨਹੀਂ ਨਿਭਾਉਂਦੇ ਜਿਨ੍ਹਾਂ ਨੂੰ ਕਹਾਣੀ ਬਿਰਤਾਂਤ ਵਿੱਚੋਂ ਸੋਖਿਆਂ ਹੀ ਬਾਹਰ ਕੱਢਿਆ ਜਾ ਸਕਦਾ ਹੈ । ਇਸ ਤੋਂ ਅਗਾਂਹ ਮਾਸਟਰ ਅਜੈਬ ਸਿੰਘ ਕੋਲ ਉਸਦੇ

ਪੁਰਾਣੇ ਸਟੂਡੈਂਟ ਸੁਖਵਿੰਦਰ ਦਾ ਆਉਣਾ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੀ ਗਈ ਮੌਕਾ-ਮੇਲ ਦੀ ਇਤਫ਼ਾਕੀਆ ਜੁਗਤ ਹੈ ਅਸੀਂ ਅਗਾਂਹ ਵੇਖਾਂਗੇ ਕਿ ਕਹਾਣੀ ਸੰਰਚਨਾ ਵਿੱਚ ਇਸ ਮੌਕਾ ਮੇਲ ਦੀ ਇਤਫ਼ਾਕੀਆ ਜੁਗਤ ਦੀ ਕੀ ਸਾਰਥਕਤਾ ਹੈ ਕਿਉਂਕਿ ਕਹਾਣੀਕਾਰ ਨੇ ਇਸ ਨੂੰ ਛੱਡਕੇ ਕੁਟੀਆ ਵਿੱਚ ਕਿਸੇ ਹੋਰ ਆਦਮੀ ਦੇ ਆਉਣ ਵਾਲੇ ਵੇਰਵੇ ਨੂੰ ਛੋਹ ਲਿਆ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

> ਅਜੈਬ ਸਿੰਘ ਦੇ ਅੰਦਰ ਉਥਲ ਪੁਥਲ ਹੋਣ ਲੱਗੀ ਸੀ ਕਿ ਕੁਟੀਆ ਵਿੱਚ ਪਹਿਲਾਂ ਵਾਂਗੂੰ ਫੇਰ ਹਲਚਲ ਹੋਈ ਸੀ । ਅਜੈਬ ਸਿੰਘ ਨੇ ਵੇਖਿਆ ਕਿ ਇੱਕ ਬੜੀ ਉਜਲੀ ਸ਼ਖ਼ਸੀਅਤ ਕੁਟੀਆ ਵਿੱਚ ਦਾਖ਼ਲ ਹੋ ਰਹੀ ਸੀ ।[51]

ਇਹ ਗਤੀਸ਼ੀਲ ਮੋਟਿਫ਼ ਵੀ ਕਈ ਰੀਮਕ ਸੰਭਾਵਨਾ ਨੂੰ ਸਿਰਜਦੇ ਹਨ ਪਾਠਕ ਦੇ ਅੰਦਰ ਸਵਾਲ ਉਠਦੇ ਹਨ, ਕਿ ਹੋ ਸਕਦਾ ਹੈ ਕੁਟੀਆ ਵਿੱਚ ਆ ਰਿਹਾ ਆਦਮੀ ਪਾਤਸ਼ਾਹ ਹੋਵੇ, ਇਹ ਵੀ ਹੋ ਸਕਦਾ ਹੈ ਕਿ ਉਹ ਕੋਈ ਪਾਤਸ਼ਾਹ ਦਾ ਖ਼ਾਸਮਖਾਸ ਸੇਵਕ ਹੋਵੇ । ਕਹਾਣੀਕਾਰ ਦੂਜੀ ਰੀਮਕ ਸੰਭਾਵਨਾ ਨੂੰ ਚੁਣਕੇ ਕਹਾਣੀ ਵਿਕਾਸ ਨੂੰ ਗਤੀਸ਼ੀਲ ਰੱਖਦਾ ਹੈ । ਇਸ ਨਾਲ ਹੀ ਕੁਟੀਆ ਵਿੱਚ ਆਉਣ ਵਾਲੇ ਆਦਮੀ ਦਾ ਹੁਲੀਆ ਵਰਨਣ ਖੁੱਲ੍ਹਾ ਮੋਟਿਫ਼ ਹੈ । ਜਿਸਨੂੰ ਕਹਾਣੀ ਸੰਗਠਨ ਚੋਂ ਬਾਹਰ ਕੱਢਣ ਨਾਲ ਕਹਾਣੀ ਉਪਰ ਕੋਈ ਹਾਨੀਕਾਰਕ ਪ੍ਰਭਾਵ ਨਹੀਂ ਪੈਂਦਾ ਇਸ ਦੀ ਵਰਤੋਂ ਵਾਸਤਵਿਕਤਾ ਦਾ ਭਰਮ ਉਪਜਾਉਣ ਲਈ ਕੀਤੀ ਗਈ ਹੈ । ਇਸ ਤੋਂ ਅਗਾਂਹ ਸੁਖਵਿੰਦਰ ਦੇ ਇਹ ਬੋਲ ਕਿ –

> ''ਇਹ ਨੇਤਾ ਜੀ ਨੇ...।'' ਸੁਖਵਿੰਦਰ ਦੱਸ ਰਿਹਾ ਸੀ,''ਐਮ.ਪੀ. ਰਹਿ ਚੁੱਕੇ ਨੇ...।''[52]

ਜਿਥੇ ਕਹਾਣੀਕਾਰ ਦੀ ਚੁਣੀ ਹੋਈ ਰੀਮ ਦੀ ਗਵਾਹੀ ਭਰਦੇ ਹਨ ਉਥੇ ਇਹ ਪ੍ਰਭਾਵ ਵੀ ਸਪੱਸ਼ਟ ਕਰਦੇ ਹਨ ਕਿ ਪਾਤਸ਼ਾਹ ਦੇ ਡੇਰੇ ਵਿੱਚ ਐਮ.ਪੀ.ਆਦਿ ਦੇ ਆਉਣ ਕਰਕੇ ਪਾਤਸ਼ਾਹ ਦੀ ਸਰਕਾਰੇ ਦਰਬਾਰੇ ਵੀ ਪੂਰੀ ਪਹੁੰਚ ਹੈ । ਉਪਰੋਕਤ ਮੋਟਿਫ਼ ਪਾਤਸ਼ਾਹ ਬਾਰੇ ਵਧੀਕ ਜਾਣਨ ਦੀ ਉਤਸੁਕਤਾ ਪੈਦਾ ਕਰਦੇ ਹਨ । ਪਾਠਕ ਇਹ ਜਾਨਣ ਲਈ ਉਤਾਵਲਾ ਹੋ ਜਾਂਦਾ ਹੈ ਕਿ ਪਾਤਸ਼ਾਹ ਕਦੋਂ ਆਵੇਗਾ ? ਇਸ ਤੋਂ ਬਾਅਦ ਨੇਤਾ ਜੀ ਵਲੋਂ ਮਾਸਟਰ ਅਜੈਬ ਸਿੰਘ ਨੂੰ ਕਹੇ ਗਏ ਵਿਅੰਗਾਤਮਕ ਬੋਲ ਨੇਤਾ ਜੀ ਦੇ ਪਾਤਸ਼ਾਹ ਨਾਲ ਰਲੇ ਹੋਣ ਦੇ ਪ੍ਰਭਾਵ ਨੂੰ ਸਪੱਸ਼ਟ ਕਰਦੇ ਹਨ । ਇਸ ਤੋਂ ਅੱਗੇ ਨੇਤਾ ਜੀ ਦੇ ਚਲੇ ਜਾਣ ਪਿੱਛੋਂ ਮਾਸਟਰ ਅਜੈਬ ਸਿੰਘ ਦੀ ਸੁਖਵਿੰਦਰ ਨਾਲ ਹੋਈ ਵਾਰਤਾਲਾਪ ਦੇ ਮੋਟਿਫ਼ ਹਨ –

> ''ਸੁੱਖੀ ਬੇਟੇ...ਮੈਂ ਸੱਚ ਕਹਿਨਾਂ...ਮੈਂ ਸ਼ਰਾਬ ਪੀ ਕੇ ਬਾਪੂ ਅਤੇ ਟੱਬਰ ਨੂੰ ਤੰਗ ਨਹੀਂ ਕਰਦਾ ਬੇਟੇ...।'' ... ਸੁਖਵਿੰਦਰ ਬੋਲਿਆ ਸੀ, ''ਮੈਨੂੰ ਪਤੈ ਸਰ...ਸਭ ਪਤੈ...ਤੁਸੀ ਕੁਝ ਨਾ ਕਹੋ...।''

''ਪਰ ਇਹ ਮੈਨੂੰ ਵਾਰ-ਵਾਰ ਸ਼ਰਾਬੀ ਸ਼ਰਾਬੀ ਆਖੀ ਜਾਂਦੇ ਨੇ...ਮੈਂ ਤਾਂ ਬਾਪੂ ਨੂੰ ਮਿਲਣ ਆਇਆ ਸੀ ਕਿ ਜ਼ਮੀਨ ਦੇ ਨੰਬਰ ਕਿਉਂ ਲਏ ਨੇ...''ਸਰ ਤੁਸੀਂ ਹੁਣ ਬਾਪੂ ਜੀ ਨੂੰ ਮਿਲ ਕੇ ਕੀ ਕਰੋਗੇ...?''''ਹਾਂ ਸਰ...।'' ...''ਹੁਣ ਤੱਕ ਰਜਿਸਟਰੀ ਹੋ ਗਈ ਹੋਵੇਗੀ ਸਰ...।'' ... ''ਏਸ ਕਰਕੇ ਤੁਹਾਨੂੰ ਕਲ੍ਹ ਦਾ ਬੰਨਿਆ ਹੋਇਆ ਸਰ... ਕਿ ਤੁਸੀਂ ਜਾ ਕੇ ਕੋਈ ਚਾਰਾਜੋਈ ਨਾ ਕਰੋ... ਸ਼ਰਾਬ ਕਰਕੇ ਨਹੀਂ... ਸ਼ਰਾਬ ਤਾਂ ਹੋ ਸਕਦੇ ... ਜਿਨ੍ਹਾਂ ਰਾਤੀ ਤੁਹਾਨੂੰ ਬੰਨਿਆ ਸੀ...ਉਨਾਂ ਵੀ ਪੀਤੀ ਹੋਵੇ...।''[53]

ਕਹਾਣੀ ਵਿੱਚ ਪੇਸ਼ ਹੋਏ ਉਪਰੋਕਤ 'ਬੱਝੇ ਮੋਟਿਫ਼' ਕਹਾਣੀ ਦੀ ਕੇਂਦਰੀ ਥੀਮ ਨੂੰ ਉਸਾਰਨ ਵਾਲੇ ਵੱਖ-ਵੱਖ ਮੋਟਿਫ਼ਾਂ ਨੂੰ ਆਪਣੇ ਕਲੇਵਰ ਵਿੱਚ ਲੈਂਦੇ ਹਨ । ਸੋ ਇਹ ਸਾਰੇ ਮੋਟਿਫ਼ ਜੁੜਵੇਂ-ਵਾਕੰਸ਼ ਹਨ । ਜੋ ਕਹਾਣੀ ਵਿੱਚ ਮਾਸਟਰ ਅਜੈਬ ਸਿੰਘ ਦੇ ਡੇਰੇ ਵਿੱਚ ਆਉਣ ਦੇ ਕਾਰਨਾਂ, ਪ੍ਰਬੰਧਕਾਂ ਵਲੋਂ ਉਸਨੂੰ ਬਾਪੂ ਨਾਲ ਮਿਲਣ ਤੋਂ ਰੋਕਣ ਦੇ ਕਾਰਣਾਂ ਅਤੇ ਉਸਨੂੰ ਸੰਗਲ ਨਾਲ ਬੰਨਣ ਦੇ ਕਾਰਨਾਂ ਪਿੱਛੇ ਖਿਲਰੀਆਂ ਪ੍ਰਸਥਿਤੀਆਂ ਨੂੰ ਇਕੋ ਥਾਂ ਇਕੱਤਰ ਕਰਦੇ ਹੋਏ ਇਕ ਕੜੀ ਵਾਂਗ ਜੋੜਦੇ ਹਨ । ਸੋ ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਕਹਾਣੀ ਵਿੱਚ ਮੌਕਾ-ਮੇਲ ਦੀ ਜੁਗਤ ਵਜੋਂ ਵਰਤਿਆ ਗਿਆ ਸੁਖਵਿੰਦਰ ਦਾ ਰੋਲ, ਖਿਲਰੀਆਂ ਹੋਈਆਂ ਗੁਪਤ ਪ੍ਰਸਥਿਤੀਆਂ ਨੂੰ ਸਪੱਸ਼ਟ ਕਰਨ ਲਈ ਵਰਤਿਆ ਗਿਆ ਹੈ । ਇਸ ਅਗਾਂਹ ਪੇਸ਼ ਹੋਏ ਮੋਟਿਫ਼ ਹਨ –

ਪਰ ਅਜੈਬ ਸਿੰਘ ਨੇ ਜਿਵੇਂ ਸੁਣਿਆ ਹੀ ਨਹੀਂ ਸੀ, ਪਲ ਦੀ ਪਲ ਉਹ ਆਪਣੀ ਬੰਨ੍ਹ ਬੰਨ੍ਹਾਈ, ਕੁੱਟਮਾਰ, ਜਿੱਲਤ, ਬੇਇੱਜ਼ਤੀ ਸਭ ਭੁੱਲ ਗਿਆ ਸੀ, ਅੱਖਾਂ ਮੂਹਰੇ ਘੁੰਮ ਰਿਹਾ ਸੀ ਤਾਂ ਬੱਸ, ਅੱਠ ਕਿਲ੍ਹੇ ਦਾ ਚੌਰਸ ਟੱਕ... ਵਿਚ ਮੋਟਰ, ਰਟਾਇਰ ਹੋਣ ਪਿਛੋਂ ਦੇ ਸੁਪਨੇ, ਪੋਤੇ-ਪੋਤੀ ਨਾਲ ਬੰਨੇ ਬੰਨੇ ਘੁੰਮਣਾ... ਸਭ ਮਿੱਟੀ ਹੋ ਗਿਆ ਸੀ, 'ਜਾਹ ਓਏ ਬਾਪੂ...' ਹਉਕਾ ਨਿਕਲ ਗਿਆ ਸੀ ਉਸਦਾ ।[54]

ਮਾਸਟਰ ਅਜੈਬ ਸਿੰਘ ਦੀ ਮਾਨਸਿਕਤਾ ਨਾਲ ਜੁੜੇ ਉਪਰੋਕਤ ਮੋਟਿਫ਼ ਅਤੀਤ ਨਾਲ ਜੁੜੇ ਵੇਰਵਿਆਂ ਨੂੰ ਵਰਤਮਾਨ ਵਿੱਚ ਪੇਸ਼ ਕਰਦੇ ਹੋਏ ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ, ਸਰੋਤੇ ਨੂੰ ਸੋਚਣ ਲਈ ਮਜ਼ਬੂਰ ਕਰਦੇ ਹਨ ਕਿ ਅਗੋਂ ਕੀ ਹੋਵੇਗਾ ?

- ਪਰ ਸੁਖਵਿੰਦਰ ਕਾਹਲੀ ਨਾਲ ਬੋਲਿਆ ਸੀ, ''ਨਹੀਂ ਸਰ ਨਹੀਂ, ਤੁਹਾਡੇ ਬਾਪੂ ਜੀ ਨੇ ਪਹਿਲਾਂ ਤਾਂ ਹਾਂ ਕਰ ਦਿੱਤੀ ਸੀ... ਮੱਥਾ ਟੇਕਣ ਦੀ... ਪਰ ਪਿੱਛੋਂ ਉਹ ਅੜ ਗਿਆ ਸੀ... ਉਹ ਤਾਂ ਤੁਹਾਨੂੰ ਬਹੁਤ ਸੁਨੇਹੇ ਭੇਜਦਾ ਰਿਹਾ ਸਰ...। ਪਰ ਸੁਨੇਹੇ ਲਿਜਾਣ ਵਾਲਾ ਆਦਮੀ ਵੀ ਇਨ੍ਹਾਂ ਦਾ ਹੀ ਸੀ... ਉਹ ਆ ਕੇ ਤੁਹਾਡੇ ਵੱਲੋਂ ਝੂਠ ਹੀ ਆਖ ਦਿੰਦਾ ਕਿ ਉਹ

ਕਹਿੰਦੇ ਨੇ ਕਿ ਬਾਪੂ ਸਾਡੇ ਵੱਲੋਂ ਮਰ ਗਿਆ, ਅਸੀਂ ਉਹਦੇ ਵੱਲੋਂ... ਜੋ ਮਰਜ਼ੀ ਕਰੇ... ਅਸੀਂ ਉਹਦੀ ਜ਼ਮੀਨ ਤੇ ਥੁੱਕਦੇ ਵੀ ਨਹੀਂ...।''[55]

- ਅਜੈਬ ਸਿੰਘ ਮੱਥੇ 'ਚ ਹੱਥ ਮਾਰ ਰਿਹਾ ਸੀ, ਕਲ੍ਹ ਰਾਤੀਂ ਤੋਤੇ ਵਾਂਗੂੰ ਬੋਲਦਾ ਉਹ ਮੁੰਡਾ ਉਸਨੂੰ ਯਾਦ ਆ ਰਿਹਾ ਸੀ, ਉਹ ਕਹਿੰਦੇ ਨੇ...।

  ''ਥੋਡੇ ਬਾਪੂ ਜੀ ਤਾਂ ਬਹੁਤ ਰੋਂਦੇ ਸੀ ਸਰ... ਮੈਨੂੰ ਨਹੀਂ ਸੀ ਪਤਾ ਕਿ ਉਹ ਥੋਡੇ ਬਾਪੂ ਜੀ ਨੇ ਨਹੀਂ ਤਾਂ... ਮੈਂ ਜ਼ਰੂਰ ਆਉਂਦਾ ਸਰ...।''[56]

- ਅਜੈਬ ਸਿੰਘ ਦੀਆਂ ਮੁੱਠੀਆਂ ਮੀਟੀਆਂ ਗਈਆਂ, ''ਏਡਾ ਵੱਡਾ ਧੋਖਾ... ਬੀਰ ਠੀਕ ਈ ਕਹਿੰਦਾ ਸੀ...।''

  ''ਬੀਰਾ ਆਇਆ ਸੀ ਸਵੇਰੇ ਸਰ ... ''ਫੇਰ...?'' ਉਸਨੇ ਸੁਖਵਿੰਦਰ ਦੀ ਬਾਂਹ ਫੜ ਲਈ ਸੀ, ''ਫੇਰ ਕੀ ਹੋਇਆ ਬੀਰੇ ਨੂੰ...?''[57]

  ''ਕੁਛ ਨਹੀਂ ਸਰ... ਉਸਨੂੰ ਆਖ ਦਿੱਤਾ ਬਾਬਾ ਦਿਆ ਸਿੰਘ ਨੇ ਕਿ ਤੇਰੇ ਦਾਦੇ ਅਮਰ ਸਿੰਘ ਨੂੰ ਬਾਹਰਲੇ ਮੁਲਕ ਦੀ ਸੈਰ ਕਰਵਾਉਣੀ ਸੀ... ਜੈਦਾਦ ਦੇ ਵੇਰਵੇ ਲਈ ਜ਼ਮੀਨ ਦੇ ਨੰਬਰ ਚਾਹੀਦੇ ਸਨ... ਕੁਦਰਤੀ ਤੇਰੇ ਪਾਪਾ ਵੀ ਆ ਗਏ... ਉਹ ਦਿੱਲੀ ਚੜ੍ਹਾਉਣ ਗਏ ਨੇ... ਕੱਲ੍ਹ ਤੱਕ ਆ ਜਾਣਗੇ ਘਰੇ... ਉਹ ਚਲਾ ਗਿਆ ਸਰ...।''[58]

ਕਹਾਣੀਕਾਰ ਨੇ ਪਾਤਸ਼ਾਹ ਵੱਲੋਂ ਸੇਵਕਾਂ ਦੀ ਮੱਦਦ ਨਾਲ ਬਾਪੂ ਅਮਰ ਸਿੰਘ ਦੀ ਅੱਠ ਕਿਲ੍ਹੇ ਜ਼ਮੀਨ ਡੇਰੇ ਦੇ ਨਾਮ ਲਵਾਉਣ ਦੇ ਮੋਟਿਫ਼ਾਂ ਨੂੰ ਫੇਰ ਦੁਹਰਾਇਆ ਹੈ । ਇਸ ਕਹਾਣੀ-ਬਿੰਦੂ ਉੱਤੇ ਪਾਠਕ ਭਲੀ-ਭਾਂਤ ਸਮਝ ਜਾਂਦਾ ਹੈ ਕਿ ਬਾਪੂ ਦਾਤਕ (Destinateur) ਦੇ ਰੂਪ ਵਿੱਚ ਪਾਤਸ਼ਾਹ ਨੂੰ ਖ਼ੁਸ਼ੀ ਨਾਲ ਜ਼ਮੀਨ ਨਹੀਂ ਦਿੰਦਾ ਸਗੋਂ ਪਾਤਸ਼ਾਹ ਝੂਠ, ਫ਼ਰੇਬ, ਧੋਖੇ ਤੋਂ ਕੰਮ ਲੈਂਦਾ ਹੋਇਆ ਬਾਪੂ ਦੀ ਜ਼ਮੀਨ ਨੂੰ ਡੇਰੇ ਦੇ ਨਾਮ ਲਵਾ ਲੈਂਦਾ ਹੈ । ਇਸ ਕਹਾਣੀ ਬਿੰਦੂ ਉੱਤੇ ਪਾਠਕ ਦੇ ਮਨ ਅੰਦਰ ਪੈਦਾ ਹੋਈਆਂ ਸਾਰੀਆਂ ਗੁੰਝਲਾਂ ਪੂਰਨ ਤੌਰ ਉੱਤੇ ਸਪੱਸ਼ਟ ਹੋ ਜਾਂਦੀਆਂ ਹਨ । ਉਪਰੋਕਤ ਮੋਟਿਫ਼ਾਂ ਵਿੱਚ 'ਧੋਖੇ' ਦਾ ਥੀਮ ਪਿਆ ਹੋਇਆ ਹੈ । ਜਦੋਂ ਇਕ ਧਿਰ ਧ੍ਰੋਹ ਕਰਦੀ ਹੈ ਤਾਂ ਇਹ ਹਮੇਸ਼ਾ ਅਗਲੀ ਧਿਰ ਦੀ ਵਿਸ਼ਵਾਸ ਕਰ ਲੈਣ ਦੀ ਵਿਸ਼ੇਸ਼ਤਾ ਤੋਂ ਮਿਲ ਰਹੇ ਸਹਿਯੋਗ ਕਾਰਣ ਹੀ ਸੰਭਵ ਹੁੰਦਾ ਹੈ ।[59] ਪਾਤਸ਼ਾਹ ਦੀ ਧਿਰ ਧੋਖੇ ਨਾਲ ਬਾਪੂ ਅਮਰ ਸਿੰਘ ਦੀ ਜ਼ਮੀਨ ਡੇਰੇ ਦੇ ਨਾਮ ਲਵਾਉਣਾ ਚਾਹੁੰਦੀ ਹੈ ਤਾਂ ਉਹ ਬਾਪੂ ਅਮਰ ਸਿੰਘ ਵਲੋਂ ਡੇਰਿਆਂ ਵਿੱਚ ਅਥਾਹ ਸ਼ਰਧਾ ਅਤੇ ਪਾਤਸ਼ਾਹ ਉੱਪਰ ਵਿਸ਼ਵਾਸ ਕਰ ਲੈਣ ਦੀ ਵਿਸ਼ੇਸ਼ਤਾ ਤੋਂ ਮਿਲ ਰਹੇ ਸਹਿਯੋਗ ਕਰਕੇ ਹੀ ਉਸਦੀ ਜ਼ਮੀਨ ਡੇਰੇ ਦੇ ਨਾਮ ਲਵਾਉਣ ਵਿੱਚ ਸਫਲਤਾ ਪ੍ਰਾਪਤ ਕਰਦੇ ਹਨ । ਧੋਖਾ ਕਰ ਰਹੀ ਪਾਤਸ਼ਾਹ ਦੀ ਧਿਰ ਜਿੱਥੇ ਬਾਪੂ ਅਮਰ ਸਿੰਘ ਵੱਲੋਂ ਮਿਲ ਰਹੇ ਸਹਿਯੋਗ ਪ੍ਰਤੀ ਸੁਚੇਤ ਹੈ ਉੱਥੇ ਧੋਖੇ ਦਾ ਸ਼ਿਕਾਰ ਹੋ ਰਿਹਾ ਬਾਪੂ ਅਮਰ ਸਿੰਘ ਅਗਿਆਨ ਵਸ ਆਪਣੀ ਚੇਤਨਤਾ ਨੂੰ ਪਾਤਸ਼ਾਹ ਦੀ ਧੋਖਾ ਕਰ ਰਹੀ

ਧਿਰ ਦੀ ਨੇਕ ਨੀਤੀ ਵਿੱਚ ਵਿਸ਼ਵਾਸ ਰੱਖਣ ਤੱਕ ਹੀ ਆਪਣੇ ਆਪ ਨੂੰ ਸੀਮਿਤ ਰੱਖਦਾ ਹੈ । ਬਾਪੂ ਅਮਰ ਸਿੰਘ ਦੀ ਚੇਤਨਤਾ ਦਾ ਆਧਾਰ ਪਾਤਸ਼ਾਹ ਦੀ ਧੋਖਾ ਕਰ ਰਹੀ ਧਿਰ ਉੱਪਰ ਸ਼ੱਕ ਦੀ ਜਗ੍ਹਾ ਵਿਸ਼ਵਾਸ ਉੱਪਰ ਟਿਕਿਆ ਹੋਇਆ ਹੈ । ਪਾਤਸ਼ਾਹ ਦੀ ਧੋਖਾ ਕਰ ਰਹੀ ਧਿਰ ਇਸ ਵਿਸ਼ਵਾਸ ਦੀ ਵਰਤੋਂ ਝੂਠ, ਫ਼ਰੇਬ, ਛਲ, ਕਪਟ ਦੀ ਬਦਨੀਤੀ ਦੁਆਰਾ ਬਾਪੂ ਅਮਰ ਸਿੰਘ ਦੀ ਜ਼ਮੀਨ ਡੇਰੇ ਦੇ ਨਾਮ ਲਵਾਉਣ ਦੇ ਨਿਰਧਾਰਿਤ ਪ੍ਰਯੋਜਨ ਦੀ ਪੂਰਤੀ ਲਈ ਕਰਦੀ ਹੈ । ਇਸ ਬਾਰੇ ਬਾਪੂ ਅਮਰ ਸਿੰਘ ਨੂੰ ਕੋਈ ਜਾਣਕਾਰੀ ਨਹੀਂ ਉਹ ਮਜ਼ਬੂਰੀ ਵਸ ਪਾਤਸ਼ਾਹ ਉਪਰ ਵਿਸ਼ਵਾਸ ਕਰਦਾ ਹੋਇਆ ਆਪਣੀ ਜ਼ਮੀਨ ਡੇਰੇ ਦੇ ਨਾਮ ਲਵਾ ਦਿੰਦਾ ਹੈ । ਉਪਰੋਕਤ ਮੋਟਿਫ਼ਾਂ ਨੂੰ ਅਸੀਂ 'ਮੋਟਿਫ਼-ਕੰਨਫ਼ਿਗੂਰੇਸ਼ਨ' ਅਧੀਨ ਵੀ ਵਿਚਾਰ ਸਕਦੇ ਹਾਂ । ਉਪਰੋਕਤ ਮੋਟਿਫ਼ਾਂ ਵਿੱਚ ਪਾਤਸ਼ਾਹ ਦੀ ਧਿਰ ਵਲੋਂ ਧੋਖੇ ਨਾਲ ਬਾਪੂ ਅਮਰ ਸਿੰਘ ਦੀ ਅੱਠ ਕਿਲ੍ਹੇ ਜ਼ਮੀਨ ਡੇਰੇ ਦੇ ਨਾਮ ਲਵਾਉਣ ਦੇ ਇਕੋ ਭਾਵ ਨਾਲ ਜੁੜੇ ਭਿੰਨ-ਭਿੰਨ ਮੋਟਿਫ਼ ਮਿਲਕੇ ਦਰਜੇਵਾਰ ਰੂਪ-ਪ੍ਰਬੰਧ ਸਿਰਜਦੇ ਹਨ । ਇਹ ਮੋਟਿਫ਼ ਕਹਾਣੀ-ਸੰਗਠਨ ਵਿੱਚ ਸਿੱਧਾ ਤੇ ਮਹੱਤਵਪੂਰਣ ਰੋਲ ਨਿਭਾਉਂਦੇ ਹੋਏ ਵਿਕਾਸ ਕਰਦੇ ਹਨ । ਪਾਤਸ਼ਾਹ ਦਾ ਉਦੇਸ਼ ਬਾਪੂ ਅਮਰ ਸਿੰਘ ਦੀ ਅੱਠ ਕਿੱਲੇ ਜ਼ਮੀਨ ਡੇਰੇ ਦੇ ਨਾਮ ਲਗਾਉਣਾ ਹੈ, ਇਸ ਉਦੇਸ਼ ਦੀ ਪੂਰਤੀ ਲਈ ਪਾਤਸ਼ਾਹ ਦੇ ਸੇਵਕ, ਪ੍ਰਬੰਧਕ ਸਹਾਇਕ ਹੁੰਦੇ ਹਨ ਤੇ ਵਿਰੋਧੀ ਮਾਸਟਰ ਅਜੈਬ ਸਿੰਘ, ਪਾਤਸ਼ਾਹ ਦੇ ਮਨੋਰਥ ਵਿੱਚ ਰੁਕਾਵਟ ਪੈਦਾ ਕਰਦਾ ਹੈ । ਜ਼ਮੀਨ ਪ੍ਰਤੀ ਮੋਹ, ਬਾਪੂ ਦੀ ਡੇਰੇ ਵਿੱਚ ਅਥਾਹ ਸ਼ਰਧਾ ਅਤੇ ਪਾਤਸ਼ਾਹ ਉਪਰ ਵਿਸ਼ਵਾਸ ਪ੍ਰੇਸ਼ਕ (Sender) ਹਨ ਅਤੇ ਜ਼ਮੀਨ ਪ੍ਰਾਪਤੀ, ਪ੍ਰੇਸ਼ਿਤੀ ਹੈ । ਗਰੇਮਾਸ ਦੇ ਇਸ ਐਕਤਾਂਸ਼ੀਅਲ ਮਾਡਲ ਨੂੰ ਪਾਤਸ਼ਾਹ ਕਹਾਣੀ ਦੇ ਸੰਦਰਭ ਵਿੱਚ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ :

ਸਹਾਇਕ (Helper) → ਮਨੁੱਖ (subject) → ਵਿਰੋਧੀ (opponent)

↓

ਪ੍ਰੇਸ਼ਕ (Sender) → ਉਦੇਸ਼ (object) → ਪ੍ਰੇਸ਼ਿਤੀ (Receiver)

ਪਾਤਸ਼ਾਹ ਦੇ ਸੇਵਕ/ਪ੍ਰਬੰਧਕ → ਪਾਤਸ਼ਾਹ → ਮਾਸਟਰ ਅਜੈਬ ਸਿੰਘ

↓

ਜ਼ਮੀਨ ਪ੍ਰਤੀ ਮੋਹ/ਬਾਪੂ ਦੀ ਡੇਰੇ ਵਿੱਚ ਅਥਾਹ ਸਰਧਾ/ਬਾਪੂ ਦਾ ਪਾਤਸ਼ਾਹ ਉੱਪਰ ਵਿਸ਼ਵਾਸ → ਬਾਪੂ ਦੀ ਅੱਠ ਕਿੱਲੇ ਜ਼ਮੀਨ ਡੇਰੇ ਦੇ ਨਾਮ ਲਵਾਉਣਾ → ਪਾਤਸ਼ਾਹ

ਇਸ ਪ੍ਰਕਾਰ ਗਰੇਮਾਸ ਦੇ 'ਐਕਤਾਂਸ਼ੀਅਲ ਮਾਡਲ' ਅਨੁਸਾਰ ਪਾਤਸ਼ਾਹ ਕਹਾਣੀ ਦੀ ਵਿਲੱਖਣ ਥੀਮਕ ਬਣਤਰ ਦ੍ਰਿਸ਼ਟੀਗੋਚਰ ਹੁੰਦੀ ਹੈ । ਸਾਡੀ ਹਮਦਰਦੀ ਕਹਾਣੀ ਦੇ ਕੇਂਦਰੀ ਪਾਤਰ ਮਾਸਟਰ ਅਜੈਬ ਸਿੰਘ ਨਾਲ ਹੈ । ਅਸੀਂ ਇਹ ਦੇਖਣਾ ਹੈ ਕਿ ਮਾਸਟਰ ਅਜੈਬ ਸਿੰਘ ਬਾਪੂ ਦੀ ਜ਼ਮੀਨ ਉਪਰ ਆਪਣੇ ਬਣਦੇ ਹੱਕ ਨੂੰ ਪ੍ਰਾਪਤ ਕਰਨ ਲਈ ਕੀ ਸੰਘਰਸ਼ ਕਰਦਾ ਹੈ । ਇਸ ਬਾਰੇ ਵਿਗੋਪਨ ਅਜੇ ਰੋਕ ਲਿਆ ਹੈ ਇਸ ਦੀ ਜਾਣਕਾਰੀ ਸਾਨੂੰ ਅਗਾਂਹ ਮਿਲੇਗੀ । ਇਸ ਤੋਂ ਅਗਾਂਹ ਕਹਾਣੀ ਵਿੱਚ ਪੇਸ਼ ਹੋਏ ਮਾਸਟਰ ਅਜੈਬ ਸਿੰਘ ਦੇ ਅਤੀਤ ਨਾਲ ਜੁੜੇ ਮਨੋਸੰਗਠਨ ਦੇ ਵੇਰਵਿਆਂ ਨੂੰ ਪਿੱਛਲਝਾਤ ਦੀ ਜੁਗਤ ਵਜੋਂ ਪੇਸ਼ ਕਰਦੇ ਮੋਟਿਫ਼ 'ਖੁੱਲ੍ਹੇ ਮੋਟਿਫ਼' ਹਨ, ਜਿਨ੍ਹਾਂ ਨੂੰ ਕਹਾਣੀ ਵਿੱਚੋਂ ਛਾਂਗਣ ਨਾਲ ਕਹਾਣੀ ਸੰਗਠਨ ਉਪਰ ਹਾਨੀਕਾਰਕ ਪ੍ਰਭਾਵ ਨਹੀਂ ਪੈਂਦਾ ਸੋ ਇਨ੍ਹਾਂ ਨੂੰ ਕਹਾਣੀ ਵਿੱਚੋਂ ਖਾਰਜ ਵੀ ਕੀਤਾ ਜਾ ਸਕਦਾ ਹੈ ਪਰ ਕਹਾਣੀ ਬਿਰਤਾਂਤ ਵਿੱਚ ਇਨ੍ਹਾਂ ਦੀ ਸਾਰਥਕਤਾ ਨੂੰ ਇਨਕਾਰਿਆ ਵੀ ਨਹੀਂ ਜਾ ਸਕਦਾ । ਇਸ ਤੋਂ ਪਿਛੋਂ ਕਹਾਣੀ ਵਿੱਚ ਲਟਕਾਇਆ ਹੋਇਆ ਪਾਤਸ਼ਾਹ ਵਲੋਂ ਡੇਰੇ ਵਿੱਚ ਆਉਣ ਦਾ ਜ਼ਿਕਰ ਰੁਕੀ ਹੋਈ ਕਹਾਣੀ ਨੂੰ ਵਰਤਮਾਨ ਵਿੱਚ ਲਿਆਉਣ ਲਈ ਇਕ ਜੁਗਤ ਵਾਂਗ ਪੇਸ਼ ਹੋਇਆ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

- ਅਚਾਨਕ ਜਿਵੇਂ ਭੂਚਾਲ ਆ ਗਿਆ ਹੋਵੇ । ਪੁਲਿਸ ਨਾਲ ਭਰੀਆਂ ਜਿਪਸੀਆਂ ਅਸਲੇ ਨਾਲ ਲੇਸ ਚੋਲਿਆਂ ਵਾਲਿਆਂ ਨਾਲ ਭਰੀਆਂ ਜੀਪਾਂ, ਅੱਗੇ ਵੀ ਪਿੱਛੇ ਵੀ, ਵਿਚਕਾਰ ਸਫੇਦ ਲੰਬੀ ਵਿਦੇਸ਼ੀ ਕਾਰ । ਜੈਕਾਰੇ ਤੇ ਜੈਕਾਰਾ । ਜਿੱਥੇ ਕਿਸੇ ਦਾ ਕੰਮ ਸੀ, ਉਸਨੇ ਉਥੇ ਹੀ ਛੱਡ ਦਿੱਤਾ ਸੀ । ... ਸੁਖਵਿੰਦਰ ਨੇ ਹੱਥ ਜੋੜ ਬੁੱਤ ਦੀ ਮੁਦਰਾ 'ਚ ਖੜਦਿਆਂ ਹੌਲੀ ਜਿਹੀ ਕਿਹਾ ਸੀ, ''ਪਾਤਸ਼ਾਹ ਆ ਗਏ...।''[60]

ਪਾਤਸ਼ਾਹ ਦੇ ਆਉਣ ਦੇ ਉਪਰੋਕਤ 'ਗਤੀਸ਼ੀਲ ਮੋਟਿਫ਼' ਕਹਾਣੀ ਬਿਰਤਾਂਤ ਨੂੰ ਅਗਾਂਹ ਤੋਰਦੇ ਹੋਏ ਵਿਕਾਸ ਕਰਦੇ ਹਨ । ਕਹਾਣੀ ਦੀ ਕੇਂਦਰੀ ਘਟਨਾ ਨੂੰ ਥੋੜ੍ਹਾ ਹੋਰ ਗੁੰਝਲਦਾਰ ਕਰਨ ਲਈ ਕਹਾਣੀਕਾਰ ਇਸ ਨੂੰ ਹਾਲੇ ਹੋਰ ਸੰਦੇਹ ਵਿੱਚ ਵਾਪਰਦੀ ਦਿਖਾਉਣਾ ਚਾਹੁੰਦਾ ਹੈ ਇਸ ਤਰ੍ਹਾਂ ਕਰਨ ਲਈ ਉਹ ਕਹਾਣੀ ਦੀ ਕੇਂਦਰੀ ਸਮੱਸਿਆ ਨੂੰ ਇਕ ਤੋਂ ਵਧੇਰੇ ਵਾਰ ਦੋਹਰਾ ਕੇ 'ਸਵਾਲ ਜੁਆਬ' ਦੀ 'ਸੰਬਾਦੀ ਜੁਗਤ ਰਾਹੀਂ' ਪਹਿਲਾਂ ਤੋਂ ਚਲੇ ਆ ਰਹੇ ਮਾਹੌਲ ਨੂੰ ਹੋਰ ਸੰਘਣਾ ਕਰਨ ਲਈ ਅਤੀਤ ਤੋਂ ਵਰਤਮਾਨ ਵੱਲ ਕਹਾਣੀ ਨੂੰ ਤੋਰਦਾ ਹੈ । ਮਾਸਟਰ ਅਜੈਬ ਸਿੰਘ ਦੇ ਪ੍ਰਸ਼ਨ ''ਤੂੰ ਏਥੇ ਕੀ ਕਰਦੈਂ ਬੇਟੇ...?'' ਦੇ ਜਵਾਬ ਵਿੱਚ ਸੁਖਵਿੰਦਰ ਦੇ ਇਹ ਬੋਲ –

> ''ਪੁਲ ਬੰਨਦੈਂ ਸਰ ਇਹਨਾਂ ਦੇ... ਪ੍ਰੈਸ 'ਚ ਤੇ ਇਨ੍ਹਾਂ ਦੀਆਂ ਕਰਤੂਤਾਂ ਤੇ ਪਰਦੇ ਪਾਉਨਾਂ, ਝੂਠ ਦਾ ਸੱਚ... ਤੇ ਸੱਚ ਦਾ ਝੂਠ ਬਣਾਈ ਜਾਨਾ...।'' ਫਿਰ ਠੰਡਾ ਸਾਹ ਭਰ ਕੇ ਆਖਣ ਲੱਗਾ ਸੀ, ''ਸਾਡੀ ਪੰਜ ਕਿਲ੍ਹੇ ਜ਼ਮੀਨ ਸੀ ਸਰ ਏਥੇ, ਡੇਰੇ ਦੇ ਨਾਲ ਲਗਦੀ... ਇਨ੍ਹਾਂ

ਕਈ ਸਾਲ ਪਹਿਲਾਂ ਡੇਰੇ ਵਿੱਚ ਰਲਾ ਲਈ ਸੀ... ਕਹਿੰਦੇ ਸੀ ਬੇਟ ਵਿੱਚ ਦੁੱਗਣੀ ਦੇ ਦਿਆਂਗੇ... ਮੇਰਾ ਬਾਪੂ ਸਰ... ਬੇਟ ਦੀ ਤਿਆਰੀ ਕਰਦਾ ਹੀ ਪੂਰਾ ਹੋ ਗਿਆ... ਬੇਬੇ ਮੇਰੀ ਲੰਗਰ 'ਚ ਸੇਵਾ ਕਰਦੀ ਐ... ਭਰਾ ਮੇਰਾ ਛੋਟਾ ਇੱਕ ਡੇਰੇ 'ਚ ਖੇਤੀ ਕਰਦੈ ਇਨ੍ਹਾਂ ਦੀ... ਇਕ ਇਨ੍ਹਾਂ ਦੇ ਡੰਗਰ ਸਾਂਭਦੈ, ...

''ਹੁਣ ਤਾਂ ਬੱਸ... ਮੇਰੀ ਬੇਬੇ ਨੂੰ ਇਕ ਆਸ ਐ ਸਰ... ਕਿ ਸ਼ਾਇਦ ਕਿਤੇ ਪਾਤਸ਼ਾਹ ਮਿਹਰ ਕਰ ਦਏ... ।''[61]

ਉਪਰੋਕਤ ਮੋਟਿਫ਼ਾਂ ਨੂੰ ਅਸੀਂ 'ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼ਾਂ' ਅਧੀਨ ਵਿਚਾਰ ਸਕਦੇ ਹਾਂ ਰਚਨਾ ਵਿਚਲੇ ਮੋਟਿਫ਼ ਉਦੋਂ ਸਮਾਨ ਪ੍ਰਕਿਰਤੀ ਵਾਲੇ ਅਖਵਾਉਂਦੇ ਹਨ ਜਦੋਂ ਕਾਰਜਾਂ ਦਾ ਪ੍ਰਭਾਵ ਸਮਾਨ ਪਵੇ ।[62] ਕਹਾਣੀ ਬਿਰਤਾਂਤ ਵਿੱਚ ਪਾਤਸ਼ਾਹ ਵਲੋਂ ਪਹਿਲਾਂ ਬਾਪੂ ਅਮਰ ਸਿੰਘ ਦੀ ਜ਼ਮੀਨ ਆਪਣੇ ਡੇਰੇ ਦੇ ਨਾਮ ਲਵਾਉਣਾ ਅਤੇ ਉਪਰੋਕਤ ਮੋਟਿਫ਼ਾਂ ਵਿੱਚ ਪਾਤਸ਼ਾਹ ਵਲੋਂ ਸੁਖਵਿੰਦਰ ਦੀ ਜ਼ਮੀਨ ਆਪਣੇ ਡੇਰੇ ਦੇ ਨਾਮ ਲਵਾਉਣ ਦਾ ਪ੍ਰਭਾਵ ਸਮਾਨ ਪੈਂਦਾ ਹੈ । ਸੋ ਇਹ 'ਸਮਾਨ ਪ੍ਰਕਿਰਤੀ ਵਾਲੇ ਗਤੀਸ਼ੀਲ ਮੋਟਿਫ਼' ਹਨ । ਇਸ ਤੋਂ ਅੱਗੇ ਕਹਾਣੀਕਾਰ ਨੇ 'ਸਵਾਲ ਜਵਾਬ' ਦੀ ਸੰਬਾਦੀ ਜੁਗਤ ਰਾਹੀਂ ਕਹਾਣੀ ਨੂੰ ਅਗਾਂਹ ਤੋਰਿਆ ਹੈ, ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ –

- ''ਸੁੱਖੀ ਬੇਟੇ ਕਿਤੇ ਕੋਈ ਦਾਦ ਫਰਿਆਦ...?''[63]
- ''ਨੋ... ਸਰ... ਕਿਤੇ ਨਹੀਂ ... ਸੁਣੀ ਹਰ ਥਾਂ ਜਾਵੇਗੀ, ਪਰ ਕਬੂਲ ਕਿਤੇ ਨਹੀਂ ਹੋਵੇਗੀ...।''[64]
- ''ਪਰ ਬੇਟੇ ਪਾਤਸ਼ਾਹ ਤਾਂ ਪੰਦਰਾਂ ਦਿਨਾਂ ਬਾਅਦ ਮੁੜਿਐ ਤੇ ਇਹ ਸਾਰਾ ਕੁਝ ਉਹਦੇ ਪਿੱਛੋਂ... ਆਖਰ ਮੈਂ ਉਸਨੂੰ ਕਹਾਂ ਤਾਂ ਸਹੀ...।'[65]
- ''ਨਹੀਂ ਸਰ...।'' ... ''ਇਹ ਜਿਹੜੇ ਕੱਲ੍ਹ ਦੇ ਜਿੰਨੇ ਵੀ ਪ੍ਰਬੰਧਕ ਤੁਸੀਂ ਇਥੇ ਦੇਖੇ ਨੇ ਸਰ... ਇਹ ਸਾਰੇ ਛੋਟੇ ਛੋਟੇ ਪਾਅਸ਼ਾਹ ਨੇ... ਇਨ੍ਹਾਂ ਨੂੰ ਛੋਟ ਐ... ਜਿੰਨੀ ਜੀਹਦੀ ਪਰੋਖੋਂ ਐ ਲੁੱਟਮਾਰ ਕਰ ਲਏ... ਕਈ ਵਾਰ ਤਾਂ ਪਾਅਸ਼ਾਹ ਨੂੰ ਪਤਾ ਵੀ ਨਹੀਂ ਹੁੰਦਾ...।''[66]

'ਸਵਾਲ ਜਵਾਬ' ਦੀ ਸੰਵਾਦੀ ਜੁਗਤ ਦੇ ਉਪਰੋਕਤ ਮੋਟਿਫ਼ ਜਿੱਥੇ ਡੇਰੇ ਵਿੱਚ ਰਹਿੰਦੇ ਸੇਵਕਾਂ ਅਤੇ ਪਾਤਸ਼ਾਹ ਵਲੋਂ ਸਧਾਰਨ ਜਨਤਾ ਦੇ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਨ ਦੇ ਪ੍ਰਭਾਵ ਨੂੰ ਹੋਰ ਸੰਘਣਾ ਕਰਨ ਲਈ ਡੇਰੇ ਦੇ ਅੰਦਰੂਨੀ ਮਾਹੌਲ ਨੂੰ ਵਿਗੋਪਤ ਕਰਦੇ ਹਨ ਉੱਥੇ ਇਹ ਪ੍ਰਭਾਵ ਵੀ ਸਪੱਸ਼ਟ ਕਰਦੇ ਹਨ ਕਿ ਜਿੱਥੇ ਸਾਡੇ ਪੀਰ ਪੈਗੰਬਰਾਂ, ਅਵਤਾਰਾਂ, ਰਿਸ਼ੀਆਂ, ਗੁਰੂਆਂ ਨੇ ਧੁਰ ਕੀ ਬਾਣੀ ਉੱਪਰ ਚਲਦੇ ਹੋਏ ਸਧਾਰਨ ਜੀਵਨ ਬਤੀਤ ਕੀਤਾ ਉੱਥੇ ਪਖੰਡੀ ਸਾਧੂਆਂ ਧਰਮ ਦੇ ਨਾਮ ਉੱਪਰ ਆਪਣੇ ਜੀਵਨ ਲਈ ਲਾਇਕ

ਸਹੂਲਤਾਂ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਪਾਤਸ਼ਾਹ ਦੱਸਦੇ ਹੋਏ ਜਨਤਾ ਦੀ ਦੋਹੀਂ ਹੱਥੀਂ ਲੁੱਟ ਕਰ ਰਹੇ ਹਨ । ਇਸ ਤੋਂ ਅਗਾਂਹ ਪੇਸ਼ ਹੋਏ ਮੋਟਿਫ਼ ਹਨ -

- ਉਸ ਹੌਲੀ ਹੌਲੀ ਨਜ਼ਰ ਉਠਾਈ ਸੀ । ... ਤੇ ਉਹ ਯਾਚਨਾ ਕਰਦਾ ਬੋਲਿਆ ਸੀ, ''ਸੁੱਖੀ ਬੇਟੇ...ਤੂੰ ਬਹੁਤ ਸੇਵਾ ਕੀਤੀ ਐ ਪਾਤਸ਼ਾਹ ਦੀ ਜਾ ਉਹਨੂੰ ਕਹਿ ...ਜਿਵੇਂ ਪਾਤਸ਼ਾਹ ਹੁਕਮ ਕਰੂ... ਅਸੀਂ ਉਵੇਂ ਕਰਾਂਗੇ ਸਾਰਾ ਟੱਬਰ... ਅਸੀਂ ਉਹਦੇ ਸੇਵਕ ਬਣ ਜਾਂਗੇ... ਅਸੀਂ ਛੇ ਮਹੀਨੇ ਪਿੱਛੋਂ... ਜਿੰਨੇ ਉਹ ਕਹੂ... ਤੂੰ ਜਾ ਮੱਲ... ਕਹਿ ਉਹਨੂੰ... ਮੇਰਾ ਟੱਬਰ ਰੁਲਜੂ ਪੁੱਤ... ਜਾਹ ਸੁੱਖੀ।'' [67]

ਉਪਰੋਕਤ ਮੋਟਿਫ਼ ਜਿੱਥੇ ਪਾਤਸ਼ਾਹ ਦੀ ਅਮੀਰੀ ਨੂੰ ਸਪੱਸ਼ਟ ਕਰਦੇ ਹਨ ਉੱਥੇ ਮਾਸਟਰ ਅਜੈਬ ਸਿੰਘ ਦੀ ਆਰਥਿਕ ਹਾਲਤ ਨੂੰ ਵੀ ਵਿਗੋਪਤੇ ਹਨ ਕਿ ਕਿਸ ਤਰ੍ਹਾਂ ਉਹ ਗ਼ਰੀਬੀ ਕਾਰਨ ਆਪਣੇ ਪਰਿਵਾਰ ਲਈ ਹਰੇਕ ਅਨੈਤਿਕ ਕ੍ਰਮ ਨੂੰ ਵੀ ਮਜ਼ਬੂਰੀ ਵਸ ਕਰਨ ਲਈ ਤਿਆਰ ਹੋ ਜਾਂਦਾ ਹੈ । ਇਸ ਤੋਂ ਪਹਿਲਾਂ ਵੀ ਮਾਸਟਰ ਅਜੈਬ ਸਿੰਘ ਦੀ ਗ਼ਰੀਬੀ ਨੂੰ ਉਭਾਰਦੇ ਮੋਟਿਫ਼ ਪੇਸ਼ ਹੋ ਚੁੱਕੇ ਹਨ । ਸਰੋਤੇ ਦੀ ਹਮਦਰਦੀ ਮਾਸਟਰ ਅਜੈਬ ਸਿੰਘ ਪ੍ਰਤੀ ਬਣੀ ਹੋਈ ਹੈ ਕਿਉਂਕਿ ਉਸਦੇ ਹੱਕ ਉੱਤੇ ਕੋਈ ਹੋਰ ਹੱਕ ਜਿਤਾ ਰਿਹਾ ਹੈ ਅਤੇ ਉਹ ਭਿਖਾਰੀਆਂ ਵਾਂਗ ਆਪਣੇ ਹੱਕ ਨੂੰ ਮੰਗ ਰਿਹਾ ਹੈ । ਪਾਠਕ ਦੇ ਮਨ ਅੰਦਰ ਉਤਸੁਕਤਾ ਪੈਦਾ ਹੁੰਦੀ ਹੈ ਕਿ ਕਹਾਣੀ ਵਿੱਚ ਅਗੋਂ ਕੀ ਵਾਪਰੇਗਾ ? ਉਪਰੋਕਤ ਮੋਟਿਫ਼ ਗਾਲਪਨਿਕ ਮੋਟਿਫ਼ ਦੇ ਤੌਰ ਤੇ ਕਈ ਰੀਮਕ ਸੰਭਾਵਨਾਵਾਂ ਨੂੰ ਉਜਾਗਰ ਕਰਦੇ ਹਨ -

- ਕੀ ਮਾਸਟਰ ਅਜੈਬ ਸਿੰਘ ਹਾਲਾਤ ਉੱਤੇ ਕਾਬੂ ਨਾ ਪਾਉਂਦਾ ਹੋਇਆ ਮਜ਼ਬੂਰੀ ਵਸ ਆਪਣੇ ਪਰਿਵਾਰ ਲਈ ਪਾਤਸ਼ਾਹ ਦਾ ਸੇਵਕ ਬਣ ਜਾਵੇਗਾ ?
- ਕੀ ਸੁੱਖੀ ਮਾਸਟਰ ਅਜੈਬ ਸਿੰਘ ਦੀਆਂ ਉਚਾਰੀਆਂ ਉਪਰੋਕਤ ਬੇਨਤੀਆਂ ਪਾਤਸ਼ਾਹ ਨੂੰ ਕਹਿ ਦੇਵੇਗਾ ?
- ਇਹ ਵੀ ਹੋ ਸਕਦਾ ਹੈ ਕਿ ਸੁੱਖੀ ਪਾਤਸ਼ਾਹ ਕੋਲ ਨਾ ਜਾਵੇ ਅਤੇ ਮਾਸਟਰ ਅਜੈਬ ਸਿੰਘ ਨੂੰ ਆਪਣੀ ਜ਼ਮੀਨ ਪ੍ਰਾਪਤ ਕਰਨ ਲਈ ਕੋਈ ਤਰਕੀਬ ਦੱਸ ਦੇਵੇ ?

ਬਿਰਤਾਂਤਕਾਰ ਤੀਜੀ ਰੀਮ ਨੂੰ ਚੁਣ ਕੇ ਕਹਾਣੀ ਬਿਰਤਾਂਤ ਨੂੰ ਜਾਰੀ ਰੱਖਦਾ ਹੈ । ਜਿਸ ਤਰ੍ਹਾਂ ਅਸੀਂ ਕਹਾਣੀ ਵਿੱਚ ਦੇਖਦੇ ਹਾਂ -

- ਅਸੀਂ ਸਭ ਕੁਝ ਕਰਕੇ ਦੇਖ ਲਿਐ ਸਰ ... ਪਰ ਤੁਸੀਂ ਮੇਰਾ ਯਕੀਨ ਕਰੋ... ਯਕੀਨ ਕਰੋ ਸਰ ਕਿ ਜ਼ਮੀਨ ਸਿਰਫ਼ ਰਜਿਸਟਰੀ ਕਰਵਾਉਣ ਨਾਲ ਹੀ ਕਿਸੇ ਦੀ ਨਹੀਂ ਹੋ ਜਾਂਦੀ... ਜ਼ਮੀਨ ਤਾਂ ਉਹਦੀ ਹੁੰਦੀ... ਜਿਹਦੇ...।''[68]

ਕਹਾਣੀਕਾਰ ਦੀ ਚੁਣੀ ਹੋਈ ਰੀਮਕ ਸੰਭਾਵਨਾ ਦੀ ਗਵਾਹੀ ਭਰਦੇ ਰਚਨਾਤਮਕ ਲੋੜ ਦੀ ਪੂਰਤੀ ਹਿੱਤ ਵਰਤੇ ਗਏ ਉਪਰੋਕਤ ਮੋਟਿਫ਼ਾਂ ਵਿੱਚ ਸੁਖਵਿੰਦਰ ਦੀ ਮਾਸਟਰ ਅਜੈਬ ਨੂੰ ਦਿੱਤੀ ਗਈ ਨਸੀਹਤ ਕਹਾਣੀ ਬਿਰਤਾਂਤ ਵਿੱਚ ਸਿੱਧਾ ਤੇ ਅਹਿਮ ਰੋਲ ਨਿਭਾਉਂਦੀ ਹੋਈ ਵਿਕਾਸ ਕਰਦੀ ਹੈ । ਪਰ ਅਸੀਂ ਅਗਾਂਹ ਵੇਖਾਂਗੇ ਕਿ ਰਚਨਾ ਪ੍ਰੇਰਕ ਦੇ ਤੌਰ ਉਤੇ ਵਰਤੇ ਗਏ ਉਪਰੋਕਤ ਮੋਟਿਫ਼ਾਂ ਦੀ ਕਹਾਣੀ ਸੰਗਠਨ ਵਿੱਚ ਕੀ ਸਾਰਥਕ ਰੋਲ ਨਿਭਾਉਂਦੇ ਹਨ । ਇਸ ਤੋਂ ਬਾਅਦ ਡੇਰੇ ਵਿੱਚ ਪਾਤਸ਼ਾਹ ਦੇ ਮੁਖਤਾਰੇ ਆਮ ਗੁਰਿੰਦਰ ਦਾ ਆਉਣਾ ਪੂਰਣ ਤੌਰ ਉਤੇ ਇਹ ਵਿਗੋਪਨ ਸਪੱਸ਼ਟ ਕਰਦਾ ਹੈ ਕਿ ਪਾਤਸ਼ਾਹ ਨਜਾਇਜ਼ ਢੰਗਾਂ ਦੀ ਵਰਤੋਂ ਕਰਦਾ ਹੋਇਆ ਕਾਨੂੰਨੀ ਤੌਰ ਉੱਤੇ ਮਾਸਟਰ ਅਜੈਬ ਸਿੰਘ ਦੀ ਜ਼ਮੀਨ ਆਪਣੇ ਡੇਰੇ ਦੇ ਨਾਮ ਲਵਾ ਲੈਂਦਾ ਹੈ । ਇਸ ਤੋਂ ਅਗੇ ਜ਼ਮੀਨ ਦੀ ਰਜਿਸਟਰੀ ਹੋ ਜਾਣ ਤੋਂ ਬਾਅਦ ਪੇਸ਼ ਹੋਏ ਮੋਟਿਫ਼ ਹਨ –

- ਇੱਕ ਝਟਕਾ ਲੱਗਾ ਸੀ ਅਜੈਬ ਸਿੰਘ ਨੂੰ, ਪਰ ਉਹ ਸੰਭਲ ਗਿਆ ਸੀ ਤੇ ਸਿਰ ਤੇ ਪੱਗ ਬੰਨਣ ਲੱਗ ਪਿਆ ਸੀ, ਟਿਕਾਅ-ਟਿਕਾਅ ਕੇ, ਚਿਣ ਚਿਣ ਕੇ, ਸੋਚ ਸੋਚ ਕੇ ਬਿਨਾਂ ਅੱਖਾਂ ਝਪਕਿਆਂ । ਉਸਦਾ ਏਹ ਰੂਪ ਵੇਖ ਤ੍ਰਭਕਿਆ ਸੀ ਸੁਖਵਿੰਦਰ।[69]

'ਰਚਨਾ ਪ੍ਰੇਰਕ' ਦੇ ਤੌਰ ਉੱਤੇ ਵਰਤੇ ਗਏ ਮਾਸਟਰ ਅਜੈਬ ਸਿੰਘ ਦੇ ਚਰਿੱਤਰ ਵਿੱਚ ਆਈ ਤਬਦੀਲੀ ਦੇ ਉਪਰੋਕਤ ਮੋਟਿਫ਼ ਕਹਾਣੀ ਦੇ ਅਖੀਰ ਵੱਲ ਇਸ਼ਾਰਾ ਹਨ । ਇਸ ਤੋਂ ਅਗਾਂਹ ਕਹਾਣੀਕਾਰ ਨੇ ਕਹਾਣੀ ਦੇ ਅਗਾਂਹ ਵੱਲ ਵਿਕਾਸ ਨੂੰ ਹੋਕੇ ਬਾਬਾ ਦਿਆ ਸਿੰਘ ਦੇ 'ਮੂਹੋਂ ਰਾਮ ਰਾਮ ਬਗਲ ਵਿੱਚ ਛੁਰੀ' ਦੇ ਵਿਅੰਗਆਤਮਕ ਚਰਿੱਤਰ ਨੂੰ ਪੇਸ਼ ਕਰਦੇ 'ਦੋਹਰਾਓ ਲੇਬਲ' ਦੁਵਾਰਾ ਪੇਸ਼ ਕੀਤੇ ਹਨ । ਕਹਾਣੀਕਾਰ ਇਸ ਤਰ੍ਹਾਂ ਦੇ 'ਦੁਹਰਾਓ ਲੇਬਲ' ਕੁਝ ਲੁਪਤ ਅਤੀਤ ਸੰਦਰਭਾਂ, ਵਰਤਮਾਨ ਸੰਦਰਭਾਂ, ਤੇ ਵੇਰਵਿਆਂ ਨੂੰ ਵਿਗੋਪਤ ਕਰਨ ਲਈ ਸਿਰਜਦਾ ਹੈ –

- ਉਹ ਕੁਝ ਆਖਣ ਹੀ ਲੱਗਾ ਸੀ ਕਿ ਬਾਬਾ ਦਿਆ ਸਿੰਘ ਦੇ ਕੂਲੇ-ਕੂਲੇ, ਮਿੱਠੇ ਬੋਲ ਸੁਣਾਈ ਦਿੱਤੇ ਸਨ, ''ਲਓ ਜੀ ਗੁਰਮੁਖ ਪਿਆਰਿਓ ਮਿਲ ਗਈਆਂ ਨੇ ਖ਼ੁਸ਼ੀਆਂ ਕਰਮਾਂ ਵਾਲੇ ਹੋ ਤੁਸੀ, ਵੱਡੇ ਭਆਗ ਨੇ... ਕੋਈ ਵੱਡਾ ਪੁੰਨ ਕੀਤੈ ਪਿਛਲੇ ਜਨਮ 'ਚ...।''[70]
- ਬਾਬਾ ਦਿਆ ਸਿੰਘ ਕਹਿ ਰਿਹਾ ਸੀ, ''ਪਾਤਸ਼ਾਹ ਬੜੀ ਮਿਹਰ ਕੀਤੀ ਮਾਸਟਰ ਜੀ, ਊਂ ਮੈਂ ਕਿਹੜਾ ਕੋਈ ਕਸਰ ਛੱਡੀ ਐ... ਮੈਂ ਤਾਂ ਪਾਅਸ਼ਾਹ ਦੇ ਆਉਂਦਿਆਂ ਹੀ ਚਰਨ ਫੜ ਲਏ... ਮੈਖਿਆ...ਬੱਸ ਇਕ ਵਾਰੀ ਬਖਸ਼ ਲੋ ਮੇਰੇ ਭਰਾ ਨੂੰ, ਅੱਗੇ ਤੋਂ ਨਾ ਉਹ ਸ਼ਰਾਬ ਨੂੰ ਮੂੰਹ ਲਾਉਣ, ਨਾ ਪਰਿਵਾਰ ਨੂੰ ਤੰਗ ਕਰਨ... ਦੇਖੋ ਮੈਂ ਬਚਨ ਕਰ ਆਇਆ ਪਾਅਸ਼ਾਹ ਨਾਲ... ਹੁਣ ਤੁਸੀਂ ਮੇਰੇ ਬਚਨ ਦੀ ਲਾਜ ਰੱਖਣੀ...।''[71]
- ਬਾਬਾ ਦਿਆ ਸਿੰਘ ਕਹਿ ਰਿਹਾ ਸੀ, ''ਬੜੀ ਮਿਹਰ ਕੀਤੀ ਪਾਅਸ਼ਾਹ ਨੇ...ਸੱਚ ਦੱਸਾਂ ਅਜੈਬ ਸਿੰਘ...ਤੇਰੀ ਕਿਸਮਤ ਤੇ ਰਸ਼ਕ ਆ ਰਿਹੈ ।''

> ... ਜਦ ਮੈਂ ਪਾਅਸ਼ਾਹ ਨੂੰ ਅਰਜ ਕੀਤੀ ਕਿ ਅਜੈਬ ਸਿੰਘ ਦਾ ਸੰਗਲ ਖੋਲ੍ਹਣ ਦਾ ਹੁਕਮ ਦਿਓ ... ਤੇ ਆਖਣ ਲੱਗੇ...''ਦਿਆ ਸਿੰਘਾ, ਤੂੰ ਅਜੈਬ ਸਿੰਘ ਦੀ ਏਸ ਸੰਗਲ ਦੀ ਗੱਲ ਕਰਦੈਂ... ਮੈਂ ਉਹਦੇ ਸਾਰੇ ਸੰਗਲ ਕੱਟ ਦਿੱਤੇ ਨੇ, ਚੁਰਾਸੀ ਵਾਲੇ...।''[72]

ਬਾਬਾ ਦਿਆ ਸਿੰਘ ਦੇ ਚਰਿੱਤਰ ਨੂੰ ਪੇਸ਼ ਕਰਦੇ ਉਪਰੋਕਤ 'ਦੁਹਰਾਓ ਲੇਬਲ' ਜਿੱਥੇ ਮਾਸਟਰ ਅਜੈਬ ਸਿੰਘ ਨੂੰ ਸੰਗਲ ਨਾਲ ਬੰਨਣ ਲਈ ਅਤੀਤ ਨਾਲ ਜੁੜੇ ਵੇਰਵਿਆਂ ਨੂੰ ਸੰਕੇਤਕ ਤੌਰ ਉੱਤੇ ਵਿਗੋਪਤ ਕਰਦੇ ਹਨ ਉੱਥੇ ਮਾਸਟਰ ਅਜੈਬ ਸਿੰਘ ਦੀ ਜ਼ਮੀਨ ਦੀ ਰਜਿਸਟਰੀ ਡੇਰੇ ਦੇ ਨਾਮ ਹੋਣ ਤੋਂ ਬਾਅਦ ਉਸਨੂੰ ਸੰਗਲ ਨਾਲੋਂ ਖੋਲ੍ਹਣ ਦੇ ਵਿਅੰਗਆਤਮਕ ਪ੍ਰਭਾਵ ਨੂੰ ਸਪੱਸ਼ਟ ਕਰਦੇ ਹਨ ।

ਉਪਰੋਕਤ ਮੋਟਿਫ਼ ਕਹਾਣੀ ਨੂੰ ਆਸੇ ਪਾਸੇ ਖਲਾਰਦੇ ਹੋਏ ਵੀ ਕਹਾਣੀ ਨੂੰ ਗਤੀਸ਼ੀਲ ਬਣਾਈ ਰੱਖਦੇ ਹਨ । ਇਸ ਤਰ੍ਹਾਂ ਕਹਾਣੀਕਾਰ ਇਕੋ ਵੇਲੇ ਪ੍ਰਗਟਾਉਣ ਤੇ ਲੁਕਾਉਣ ਦੀ ਜੁਗਤ ਨੂੰ ਵਰਤਦਾ ਹੋਇਆ ਪਾਠਕ/ਸਰੋਤੇ ਦੇ ਮਨ ਅੰਦਰ ਇਹ ਉਤਸੁਕਤਾ ਪੈਦਾ ਕਰਦਾ ਹੈ ਕਿ ਮਾਸਟਰ ਅਜੈਬ ਸਿੰਘ ਆਪਣੇ ਆਪ ਨੂੰ ਸੰਗਲ ਨਾਲ ਬੰਨਣ ਦੇ ਕਾਰਨ, ਬਾਪੂ ਨਾਲੋਂ ਮਿਲਣ ਤੋਂ ਰੋਕਣ ਦੇ ਕਾਰਨ, ਬਾਬਾ ਦਿਆ ਸਿੰਘ ਦੇ ਵਿਅੰਗਆਤਮਕ ਚਰਿੱਤਰ ਆਦਿ ਨੂੰ ਭਲੀ ਭਾਂਤ ਸਮਝਣ, ਅਤੇ ਸੰਗਲ ਨਾਲੋਂ ਖੁਲ੍ਹਣ ਤੋਂ ਬਾਅਦ ਕੀ ਸੰਘਰਸ਼ ਕਰਦਾ ਹੈ । ਇਸ ਤੋਂ ਪਹਿਲਾਂ ਰਚਨਾ ਪ੍ਰੇਰਕ ਦੇ ਤੌਰ ਉੱਤੇ ਵਰਤੀ ਗਈ ਸੁਖਵਿੰਦਰ ਦੀ ਮਾਸਟਰ ਅਜੈਬ ਸਿੰਘ ਨੂੰ ਦਿੱਤੀ ਨਸੀਹਤ ਕਹਾਣੀ ਦੇ ਅਖੀਰ ਉਪਰ ਪਹੁੰਚ ਕੇ ਅਹਿਮ ਭੂਮਿਕਾ ਨਿਭਾਉਂਦੀ ਹੋਈ ਮਾਸਟਰ ਅਜੈਬ ਸਿੰਘ ਵਲੋਂ ਗੁਪਤ ਪ੍ਰਸਥਿਤੀਆਂ ਨੂੰ ਜਾਨਣ ਤੋਂ ਬਾਅਦ ਆਪਣੀ ਜ਼ਮੀਨ ਪ੍ਰਾਪਤ ਕਰਨ ਲਈ ਕੀਤੇ ਜਾ ਰਹੇ ਸੰਘਰਸ਼ ਨੂੰ ਸਪੱਸ਼ਟ ਕਰਦੀ ਹੈ । ਇਸ ਤਰ੍ਹਾਂ ਅਸੀਂ ਕਹਾਣੀ ਦੇ ਅਖੀਰ ਉਪਰ ਦੇਖਦੇ ਹਾਂ -

> ਕੁਟੀਆ ਵਿੱਚ ਚੁੱਪ ਵਰਤ ਗਈ ਸੀ ਅਜੈਬ ਸਿੰਘ ਦੇ ਬੋਲ ਫਿਰ ਗੂੰਜੇ ਸਨ, ''ਗੱਲ ਸੁਣ ਛੋਟੇ ਪਾਤਸ਼ਾਅ, ਜਾਹ ਕਹਿਦੇ ਆਪਣੇ ਓਸ ਵੱਡੇ ਪਾਤਸ਼ਾਹ ਨੂੰ ਕਿ ਪਾਤਸ਼ਾਹ ਉਹ ਨਹੀਂ... ਮੈਂ ਹਾਂ ਮੈਂ... ਕਹਿਦੇ ਉਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਉਹਦੀ ਨਹੀਂ ਹੋ ਗਈ... ਦੇਖੂ... ਮੈਂ ਉਸਦਾ ਕਿਹੜਾ ਟਰੈਕਟਰ ਐਸ ਪਾਤਸ਼ਾਹ ਦੀ ਹਿੱਕ ਤੋਂ ਲੰਘ ਕੇ ਜ਼ਮੀਨ 'ਚ ਜਾਊ...।'' ਅਜੈਬ ਸਿੰਘ ਨੇ ਹਿੱਕ ਥਾਪੜੀ ਸੀ ਤੇ ਕਿਲ੍ਹੇ ਵਰਗੀਆਂ ਕੁਟੀਆਂ ਵਿਚੋਂ ਬਾਹਰ ਨੂੰ ਤੁਰ ਪਿਆ ਸੀ ।[73]

ਹੁਣ ਤੱਕ ਅਸੀਂ ਕਹਾਣੀ ਬਿਰਤਾਂਤ ਵਿੱਚ ਬਦੀ ਦੀ ਨੇਕੀ ਉੱਪਰ ਜਿੱਤ ਦੇਖਦੇ ਆਏ ਹਾਂ ਪਰ ਕਹਾਣੀ ਦੇ ਅਖੀਰੀ ਮੋਟਿਫ਼ਾਂ ਵਿੱਚ ਨੇਕੀ ਬਦੀ ਉਪਰ ਜਿੱਤ ਪ੍ਰਾਪਤ ਕਰਨ ਲਈ ਸੰਘਰਸ਼ ਕਰਦੀ ਹੈ । ਪਰ ਨੇਕੀ/ਅਰਥਾਤ ਮਾਸਟਰ ਅਜੈਬ ਸਿੰਘ ਪਾਤਸ਼ਾਹ ਤੋਂ ਆਪਣੀ ਜ਼ਮੀਨ ਪ੍ਰਾਪਤ ਕਰ ਲਵੇਗਾ ਜਾਂ ਨਹੀਂ ।

ਕਹਾਣੀ ਦੇ ਅਖੀਰ ਵਿੱਚ ਮਾਸਟਰ ਅਜੈਬ ਸਿੰਘ ਦਾ ਆਕਰਮਣਕਾਰੀ ਰੋਲ ਸਿਰਜ ਕੇ ਬਿਰਤਾਂਤਕਾਰ ਨੇ ਨੇਕੀ ਦੀ ਬਦੀ ਉੱਪਰ ਜਿੱਤ ਦਾ ਫ਼ੈਸਲਾ ਪਾਠਕ/ਸਰੋਤੇ ਤੇ ਛੱਡ ਕੇ ਕਹਾਣੀ ਨੂੰ ਸਮਾਪਤ ਕਰ ਦਿੱਤਾ ਹੈ ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵਿਚਾਰਧੀਨ ਕਹਾਣੀ ਆਧੁਨਿਕ ਪੂਜੀਵਾਦੀ ਅਰਥ ਪ੍ਰਬੰਧ ਵਿੱਚ ਵਿਕਸਿਤ ਹੋ ਰਹੇ ਨਵ-ਅਧਿਆਤਮਵਾਦੀ ਫਲਸਫੇ ਦੇ ਬਹੁ-ਪਸਾਰੀ ਅਤੇ ਜਟਿਲ ਸਿਸਟਮ ਦੀ ਭਰਪੂਰ ਪੇਸ਼ਕਾਰੀ ਨਾਲ ਜੁੜੀ ਹੋਈ ਹੈ । ਕਹਾਣੀ ਦਾ ਮੂਲ ਥੀਮ ਆਧੁਨਿਕ ਸਮਿਆਂ ਅੰਦਰ ਵਿਕਸਿਤ ਹੋ ਰਹੇ ਡੇਰਾਵਾਦ ਅਤੇ ਇਨ੍ਹਾਂ ਨਜ਼ਰ ਆਉਂਦੀਆਂ ਧਾਰਮਿਕ ਸੰਸਥਾਵਾਂ ਵਿੱਚ ਹੁੰਦੇ ਅਧਰਮ ਅਤੇ ਅਮਾਨਵੀ ਵਤੀਰੇ ਨਾਲ ਜੁੜਿਆ ਹੋਇਆ ਹੈ । ਜੋ ਇੱਕ ਪਰਿਵਾਰਿਕ ਇਕਾਈ ਤੋਂ ਤੁਰ ਕੇ ਲੋਕਾਈ ਦੀ ਪੀੜ੍ਹ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ । ਤਰਕ ਵਿਗਿਆਨ ਅਤੇ ਤਕਨੀਕ ਦੇ ਦੌਰ ਵਿੱਚ ਵੀ ਲੋਕ ਮਾਨਸਿਕਤਾ ਵਿੱਚ ਬੈਠੀ ਅੰਧ ਧਾਰਮਿਕਤਾ ਦਾ ਫਾਇਦਾ ਉਠਾ ਕੇ ਡੇਰੇਦਾਰ ਲੋਕਾਂ ਦੀ ਲੁੱਟ ਅਤੇ ਸ਼ੋਸ਼ਣ ਰਾਹੀਂ ਰਾਜਿਆਂ, ਮਹਾਰਾਜਿਆਂ ਵਰਗੀ ਜ਼ਿੰਦਗੀ ਹੰਢਾ ਰਹੇ ਹਨ । ਇਸ ਕਹਾਣੀ ਵਿਚਲਾ ਪਾਤਸ਼ਾਹ ਅਤੇ ਉਸਦੇ ਅਹਿਲਕਾਰ ਇਹੋ ਜਿਹੇ ਹੀ ਪਾਤਰ ਹਨ । ਮਾਸਟਰ ਅਜੈਬ ਸਿੰਘ ਅਤੇ ਉਸਦਾ ਪਿਓ ਅਮਰ ਸਿੰਘ ਅਖੌਤੀ ਡੇਰੇਦਾਰਾਂ ਦਾ ਸ਼ਿਕਾਰ ਹੁੰਦੇ ਮਾਨਸਿਕ, ਸਰੀਰਕ ਅਤੇ ਆਰਥਿਕ ਪੀੜ੍ਹਾ ਭੋਗਦੇ ਹਨ । ਕਹਾਣੀ ਬਿਰਤਾਂਤ ਵਿੱਚ ਕਾਰਜਸ਼ੀਲ ਵੱਖ ਵੱਖ ਮੋਟਿਫ਼ ਅਤੇ ਕਲਾਤਮਕ ਜੁਗਤਾਂ ਪਾਤਸ਼ਾਹ ਅਖਵਾਉਣ ਵਾਲੇ ਅਡੰਬਰੀ ਸਾਧੂਆਂ ਦੇ ਅਸਰ ਚਰਿੱਤਰ ਤੋਂ ਪਰਦਾ ਚਾਕ ਕਰਦੀਆਂ ਹੋਈਆਂ ਕਹਾਣੀ ਦੀ ਕੇਂਦਰੀ ਥੀਮ ਨੂੰ ਉਜਾਗਰ ਕਰਦੀਆਂ ਹਨ ।

Parmpal Singh Badal

VPO-Badal ,The-Malout

Disst –Sri Muktsar Sahib
Mobile No-98158-95184

## ਹਵਾਲੇ ਅਤੇ ਟਿੱਪਣੀਆਂ

1. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 53.
2. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 94.
3. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 11.
4. **ਉਹੀ**, ਪੰਨਾ 19.
5. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 94.
6. **ਉਹੀ,** ਪੰਨਾ 95

7. ਜੋਰਿੰਦਰ ਸਿੰਘ ਕੈਰੋਂ, **ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਅਤੇ ਵਰਗੀਕਰਨ**, ਪੰਨਾ 36.
8. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 95.
9. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 9.
10. ਸੁਖਜੀਤ, **ਮੈਂ ਰੇਪ ਨੂੰ ਇਜੁਆਏ ਕਰਦੀ ਆਂ**, ਪੰਨਾ 95.
11. **ਉਹੀ,** ਪੰਨਾ 95
12. **ਉਹੀ,** ਪੰਨਾ 95–96.
13. **ਉਹੀ,** ਪੰਨਾ 96.
14. **ਉਹੀ,** ਪੰਨਾ.
15. **ਉਹੀ,** ਪੰਨਾ.
16. **ਉਹੀ,** ਪੰਨਾ.
17. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 62.
18. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 97.
19. **ਉਹੀ,** ਪੰਨਾ.
20. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 20.
21. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 97.
22. **ਉਹ,** ਪੰਨਾ.
23. **ਉਹੀ,** ਪੰਨਾ
24. **ਉਹੀ,** ਪੰਨਾ
25. **ਉਹੀ,** ਪੰਨਾ
26. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 35.
27. ਹਰਿਭਜਨ ਸਿੰਘ, **ਰਚਨਾ ਸੰਰਚਨਾ,** ਪੰਨਾ 21.
28. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 98.
29. **ਉਹੀ,** ਪੰਨਾ
30. **ਉਹੀ**, ਪੰਨੇ 98–99.
31. **ਉਹੀ**, ਪੰਨਾ 99.
32. **ਉਹੀ,** ਪੰਨਾ
33. **ਉਹੀ,** ਪੰਨਾ

34. **ਸਬਦ,** 41-42, ਪੰਨਾ 206.
35. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨੇ 99-100.
36. **ਉਹੀ**, ਪੰਨਾ 100
37. **ਉਹੀ,** ਪੰਨਾ
38. **ਉਹੀ,** ਪੰਨਾ
39. **ਉਹੀ,** ਪੰਨਾ
40. Eugene, H. Folk, **Types of Thematic Structure,** p.9
41. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨੇ 100-101.
42. **ਉਹੀ,** ਪੰਨਾ 101
43. **ਉਹੀ,** ਪੰਨਾ
44. **ਉਹੀ**, ਪੰਨਾ 102.
45. **ਉਹੀ,** ਪੰਨਾ
46. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 41.
47. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 102.
48. **ਉਹੀ,** ਪੰਨਾ 103
49. **ਉਹੀ,** ਪੰਨਾ
50. **ਉਹੀ,** ਪੰਨਾ
51. **ਉਹੀ**, ਪੰਨਾ 104.
52. **ਉਹੀ,** ਪੰਨਾ
53. **ਉਹੀ,** ਪੰਨਾ 105
54. **ਉਹੀ,** ਪੰਨਾ
55. **ਉਹੀ**, ਪੰਨੇ 105-106.
56. **ਉਹੀ,** ਪੰਨਾ 106
57. **ਉਹੀ,** ਪੰਨਾ
58. **ਉਹੀ,** ਪੰਨਾ
59. ਹਰਜੀਤ ਸਿੰਘ, **ਪੰਜਾਬੀ ਕਿੱਸਾ ਕਾਵਿ ਦਾ ਥੀਮ ਵਿਗਿਆਨਕ ਅਧਿਐਨ**, ਪੰਨਾ155
60. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 106.

61. **ਉਹੀ**, ਪੰਨਾ 107.
62. ਮਨਜੀਤ ਕੌਰ, **ਥੀਮ-ਵਿਗਿਆਨ ਅਤੇ ਨਾਨਕ ਸਿੰਘ ਦੇ ਨਾਵਲ,** ਪੰਨਾ 36.
63. ਸੁਖਜੀਤ, **ਮੈਂ ਰੇਪ ਨੂੰ ਇੰਜੁਆਏ ਕਰਦੀ ਆਂ**, ਪੰਨਾ 107.
64. **ਉਹੀ,** ਪੰਨਾ
65. **ਉਹੀ,** ਪੰਨਾ
66. **ਉਹੀ,** ਪੰਨਾ
67. **ਉਹੀ**, ਪੰਨਾ 108
68. **ਉਹੀ,** ਪੰਨਾ
69. **ਉਹੀ,** ਪੰਨਾ 109.
70. **ਉਹੀ,** ਪੰਨਾ
71. **ਉਹੀ,** ਪੰਨਾ
72. **ਉਹੀ,** ਪੰਨੇ 109-110.
73. **ਉਹੀ**, ਪੰਨਾ 110.